Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 25 23/07/2026 www.samajweekly.com samajweekly @samajweekly samajweekly

# ਜੰਤਰ-ਮੰਤਰ ਤੇ ਵਿਦਿਆਰਥੀਆਂ ਵਲੋਂ ਪ੍ਰਦਰਸ਼ਨ ਤੇਜ

## ਪੁਲੀਸ ਵੱਲੋਂ ਨੌਜਵਾਨਾਂ 'ਤੇ ਲਾਠੀਚਾਰਜ

**ਚੰਡੀਗੜ੍ਹ।** ਦਿੱਲੀ ਦੇ ਜੰਤਰ-ਮੰਤਰ 'ਤੇ ਬੁੱਧਵਾਰ ਰਾਤ ਵੇਲੇ ਵਿਦਿਆਰਥੀਆਂ ਅਤੇ ਪੁਲੀਸ ਵਿਚਾਲੇ ਤਕਰਾਰ ਹੋ ਗਈ। ਪੁਲੀਸ ਨੇ ਦੋਸ਼ ਲਾਇਆ ਕਿ ਪ੍ਰਦਰਸ਼ਨ ਦੌਰਾਨ CJP ਪ੍ਰਦਰਸ਼ਨਕਾਰੀਆਂ ਨੇ ਪੁਲੀਸ 'ਤੇ ਪਥਰਾਅ ਕੀਤਾ ਜਿਸ ਦੇ ਜਵਾਬ ਵਿੱਚ ਪੁਲੀਸ ਨੂੰ ਹੰਝੂ ਗੈਸ ਦੇ ਗੋਲੇ ਦਾਗਣੇ ਪਏ। ਇਸ ਘਟਨਾ ਨਾਲ ਜੁੜੀਆਂ ਕੁਝ ਵੀਡੀਓਜ਼ ਵੀ ਸਾਹਮਣੇ ਆਈਆਂ ਹਨ। ਇਨ੍ਹਾਂ ਵੀਡੀਓਜ਼ ਵਿੱਚ ਪੁਲੀਸ ਪ੍ਰਦਰਸ਼ਨਕਾਰੀਆਂ 'ਤੇ ਲਾਠੀਆਂ ਵਰ੍ਹਾਉਂਦੀ ਨਜ਼ਰ ਆ ਰਹੀ ਹੈ। ਕਈ ਵੀਡੀਓਜ਼ ਵਿਚ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿੱਚ ਲਾਠੀਆਂ ਦਿਖਾਈ ਦੇ ਰਹੀਆਂ ਹਨ।

ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ 20 ਜੁਲਾਈ ਨੂੰ ਵੀ CJP ਦੇ ਸੰਸਦ ਮਾਰਚ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਤਕਰਾਰ ਹੋਈ ਸੀ।

ਉਸ ਸਮੇਂ ਪ੍ਰਦਰਸ਼ਨਕਾਰੀ ਸੰਸਦ ਦੇ ਮੁੱਖ ਗੇਟ ਦੇ ਬਹੁਤ ਨੇੜੇ ਪਹੁੰਚ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਉੱਥੋਂ ਹਟਾਉਣ ਲਈ ਪੁਲੀਸ ਵੱਲੋਂ ਲਾਠੀਚਾਰਜ ਕੀਤਾ ਗਿਆ ਸੀ।

**ਦੋ ਏ ਸੀ ਪੀ ਸਣੇ ਛੇ ਪੁਲੀਸ ਕਰਮੀ ਜ਼ਖ਼ਮੀ**

ਪੁਲੀਸ ਅਨੁਸਾਰ ਬੁੱਧਵਾਰ ਦੇਰ ਸ਼ਾਮ ਵੇਲੇ ਜੰਤਰ-ਮੰਤਰ ਨੇੜੇ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੀ ਗਈ ਪੱਥਰਬਾਜ਼ੀ ਦੀ ਘਟਨਾ ਵਿੱਚ ਘੱਟੋ-ਘੱਟ ਦੋ ਸਹਾਇਕ ਪੁਲੀਸ ਕਮਿਸ਼ਨਰ (ਏ.ਸੀ.ਪੀ.) ਅਤੇ ਚਾਰ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਏ। ਪੁਲੀਸ ਸਰੋਤਾਂ ਨੇ ਦੱਸਿਆ ਕਿ ਪ੍ਰਦਰਸ਼ਨ ਵਾਲੀ ਥਾਂ 'ਤੇ ਕਈ ਸਮਾਜ ਵਿਰੋਧੀ ਅਨਸਰ ਦਾਖਲ ਹੋ ਗਏ ਹਨ ਜਿਨ੍ਹਾਂ ਨੇ ਪੁਲੀਸ ਕਰਮਚਾਰੀਆਂ 'ਤੇ ਪੱਥਰਬਾਜ਼ੀ ਕੀਤੀ।ਜ਼ਖ਼ਮੀ ਹੋਏ ਪੁਲੀਸ ਕਰਮਚਾਰੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹਨਾਂ ਦਾ ਇਲਾਜ ਚੱਲ ਰਿਹਾ ਹੈ। ਪੁਲੀਸ ਸਰੋਤਾਂ ਅਨੁਸਾਰ ਸਾਰੇ ਪੁਲੀਸ ਅਧਿਕਾਰੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਪਹਿਲੀ ਘਟਨਾ ਸ਼ਾਮ ਵੇਲੇ ਉਦੋਂ ਵਾਪਰੀ, ਜਦੋਂ ਪੰਜਾਬੀ ਬਾਗ ਵਿੱਚ ਤਾਇਨਾਤ ਏ.ਸੀ.ਪੀ. ਜੈ ਪ੍ਰਕਾਸ਼ ਡਿਊਟੀ 'ਤੇ ਸਨ।



ਪ੍ਰਦਰਸ਼ਨਕਾਰੀਆਂ ਵੱਲੋਂ ਕੀਤੀ ਗਈ ਪੱਥਰਬਾਜ਼ੀ ਦੌਰਾਨ ਉਨ੍ਹਾਂ ਦੇ ਮੱਥੇ 'ਤੇ ਸੱਟ ਲੱਗ ਗਈ। ਸਰੋਤਾਂ ਨੇ ਦੱਸਿਆ ਕਿ ਦਿਨ ਵੇਲੇ ਬਾਅਦ ਵਿੱਚ ਪੱਥਰਬਾਜ਼ੀ ਦੀ ਇੱਕ ਹੋਰ ਘਟਨਾ ਵਾਪਰੀ, ਜਿਸ ਵਿੱਚ ਇੱਕ ਹੋਰ ਏ.ਸੀ.ਪੀ. ਅਤੇ ਘੱਟੋ-ਘੱਟ ਚਾਰ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਏ।

ਪੁਲੀਸ ਵੱਲੋਂ ਬਾਰ-ਬਾਰ ਅਮਨ-ਸ਼ਾਂਤੀ ਬਣਾਏ ਰੱਖਣ ਅਤੇ ਕਾਨੂੰਨ ਵਿਵਸਥਾ ਨਾ ਵਿਗਾੜਨ ਦੀਆਂ ਅਪੀਲਾਂ ਅਤੇ ਐਲਾਨ ਕੀਤੇ ਗਏ।

ਇਸ ਤੋਂ ਪਹਿਲਾਂ ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਕਿਹਾ ਹੈ ਕਿ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਬੇਨਿਯਮੀਆਂ ਖ਼ਿਲਾਫ਼ ਚੱਲ ਰਹੇ ਵਿਰੋਧ ਵਿਖਾਵਿਆਂ ਨੂੰ ਸੁਲਝਾਉਣ ਲਈ ਸਰਕਾਰ ਨਾਲ ਗੱਲਬਾਤ ਵਾਸਤੇ ਤਿਆਰ ਹੈ, ਜੋ ਕਿਸੇ ਮੰਤਰੀ ਦੀ ਰਿਹਾਇਸ਼ 'ਤੇ ਨਹੀਂ ਬਲਕਿ ਕਿਸੇ ਨਿਰਪੱਖ ਥਾਂ 'ਤੇ ਹੋਵੇ। ਸੀ ਜੇ ਪੀ ਦੇ ਤਰਜਮਾਨ ਸੌਰਵ ਦਾਸ ਨੇ ਜੰਤਰ ਮੰਤਰ 'ਤੇ ਧਰਨੇ ਵਾਲੀ ਥਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲੀਸ ਨੇ ਅੱਜ ਸਵੇਰੇ ਜਥੇਬੰਦੀ ਨੂੰ ਦੱਸਿਆ ਕਿ ਕੇਂਦਰੀ ਮੰਤਰੀ ਜੇ ਪੀ ਨੱਢਾ ਨੇ ਗੱਲਬਾਤ ਲਈ ਉਨ੍ਹਾਂ ਨੂੰ ਆਪਣੀ ਰਿਹਾਇਸ਼ 'ਤੇ ਸੱਦਿਆ ਹੈ।

**ਦਿੱਲੀ ਦੇ ਜੰਤਰ ਮੰਤਰ 'ਤੇ ਇਕੱਠੇ ਹੋਏ ਵਿਦਿਆਰਥੀ ਤੇ ਸੀ ਜੇ ਪੀ ਦੇ ਕਾਰਕੁਨ**

ਉਸ ਨੇ ਕਿਹਾ, ''ਅਸੀਂ ਕਿਸੇ ਦੇ ਘਰ ਜਾਂ ਦਫ਼ਤਰ ਜਾਣ ਤੋਂ ਨਾਂਹ ਕਰ ਦਿੱਤੀ। ਲੋਕਾਂ ਦੀ ਕਚਹਿਰੀ ਇਥੇ ਹੈ। ਮੰਤਰੀਆਂ ਨੂੰ ਲੋਕਾਂ ਵਿਚ ਆਉਣਾ ਚਾਹੀਦਾ ਹੇ। ਜੇ ਉਹ ਗੱਲਬਾਤ ਚਾਹੁੰਦੇ ਹਨ, ਤਾਂ ਫਿਰ ਗੱਲਬਾਤ ਜੰਤਰ ਮੰਤਰ 'ਤੇ ਹੋਵੇ। ਜੇ ਸੁਰੱਖਿਆ ਨਾਲ ਜੁੜਿਆ ਕੋਈ ਮਸਲਾ ਹੈ ਤਾਂ ਅਸੀਂ ਧਰਨੇ ਵਾਲੀ ਥਾਂ ਨੇੜੇ ਕਿਸੇ ਨਿਰਪੱਖ ਟਿਕਾਣੇ ਬਾਰੇ ਗ਼ੌਰ ਕਰ ਸਕਦੇ ਹਾਂ।'' ਤਰਜਮਾਨ ਨੇ ਕਿਹਾ, ''ਅਸੀਂ ਸਰਕਾਰ ਤੋਂ ਗਾਰੰਟੀ ਮੰਗਾਂਗੇ ਕਿ ਇਸ ਅੰਦੋਲਨ ਨਾਲ ਜੁੜੇ ਕਿਸੇ ਵੀ ਸ਼ਾਂਤਮਈ ਮੁਜ਼ਾਹਰਾਕਾਰੀ ਵਿਰੁੱਧ ਕੋਈ ਨਵੀਂ ਐੱਫ ਆਈ ਆਰ ਜਾਂ ਸਜ਼ਾਯੋਗ ਕਾਰਵਾਈ ਨਹੀਂ ਕੀਤੀ ਜਾਵੇਗੀ।'' ਇਹ ਅੰਦੋਲਨ ਸਿਰਫ਼ ਦਿੱਲੀ ਦੀਆਂ ਹੱਦਾਂ ਤੱਕ ਸੀਮਤ ਨਹੀਂ ਰਿਹਾ। ਗੋਆ, ਮੁੰਬਈ ਤੇ ਜੈਪੁਰ ਸਣੇ ਦੇਸ਼ ਦੇ ਕਈ ਹਿੱਸਿਆਂ ਵਿੱਚ ਰੋਸ ਮੁਜ਼ਾਹਰੇ ਹੋ ਰਹੇ ਹਨ। ਉਨ੍ਹਾਂ ਇਸ ਨੂੰ ਸੁਭਾਵਿਕ ਦੇਸ਼ਿਵਆਪੀ ਅੰਦੋਲਨ ਦੱਸਿਆ।

## ਅਮਰੀਕਾ ਦੇ ਇਰਾਨ 'ਤੇ ਹਮਲੇ ਜਾਰੀ, ਪੰਜ ਸ਼ਹਿਰਾਂ 'ਤੇ ਸੁੱਟੇ ਬੰਬ

ਅਮਰੀਕਾ। ਅਮਰੀਕਾ ਨੇ ਅੱਜ ਸਵੇਰੇ-ਸਵੇਰੇ ਇਰਾਨ ਦੇ ਪੰਜ ਸ਼ਹਿਰਾਂ 'ਤੇ ਇੱਕੋ ਸਮੇਂ ਹਵਾਈ ਅਤੇ ਮਿਜ਼ਾਈਲ ਹਮਲੇ ਕੀਤੇ। ਇਰਾਨੀ ਅਧਿਕਾਰੀਆਂ ਅਨੁਸਾਰ, ਚਾਬਾਹਾਰ, ਕੋਨਾਰਕ, ਤਬਰਿਜ਼, ਬੇਹਬਹਾਨ ਅਤੇ ਓਮੀਦੀਯੇਹ ਨੂੰ ਨਿਸ਼ਾਨਾ ਬਣਾਇਆ ਗਿਆ। ਜੰਗਬੰਦੀ ਟੁੱਟਣ ਤੋਂ ਬਾਅਦ ਇਰਾਨ 'ਤੇ ਅਮਰੀਕਾ ਦੇ ਹਮਲਿਆਂ ਦੀ ਇਹ ਲਗਾਤਾਰ ਗਿਆਰ੍ਹਵੀਂ ਰਾਤ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ



ਇਰਾਨ ਦੇ ਸ਼ੱਕੀ ਪ੍ਰਮਾਣੂ ਟਿਕਾਣੇ 'ਤੇ "ਬਹੁਤ ਤੇਜ਼ ਅਤੇ ਬਹੁਤ ਭਾਰੀ" ਹਮਲਾ ਕਰ ਸਕਦਾ ਹੈ। ਇਸ ਚੇਤਾਵਨੀ ਦੇ ਜਵਾਬ ਵਿੱਚ ਇਰਾਨ ਨੇ ਕਿਹਾ ਕਿ ਜੇਕਰ ਹਮਲੇ ਜਾਰੀ ਰਹੇ, ਤਾਂ ਉਹ ਖੇਤਰ ਵਿੱਚ ਜੰਗ ਦੇ ਦਾਇਰੇ ਨੂੰ ਹੋਰ ਵਧਾ ਸਕਦਾ ਹੈ। ਇਸ ਦੌਰਾਨ, ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਹੈ ਕਿ ਇਸ ਜੰਗ 'ਤੇ ਅਮਰੀਕਾ ਦਾ ਖਰਚਾ ਹੁਣ ਤੱਕ 37.5 ਅਰਬ ਡਾਲਰ (ਲਗਭਗ 3.6 ਲੱਖ ਕਰੋੜ ਰੁਪਏ) ਤੱਕ ਪਹੁੰਚ ਗਿਆ ਹੈ।

# 'ਸੋਸ਼ਲ ਮੀਡੀਆ ਦੀ ਪ੍ਰਸਿੱਧੀ ਭਰੋਸੇਯੋਗਤਾ ਨਹੀਂ', ਸੀ.ਜੇ.ਆਈ. ਸੂਰਿਆ ਕਾਂਤ ਵੱਲੋਂ ਨਵੇਂ ਵਕੀਲਾਂ ਨੂੰ ਅਦਾਲਤੀ ਪਛਾਣ ਬਣਾਉਣ ਦੀ ਸਲਾਹ

## ਸੁਪਰੀਮ ਕੋਰਟ ਐਡਵੋਕੇਟਸ-ਆਨ-ਰਿਕਾਰਡ ਐਸੋਸੀਏਸ਼ਨ ਵੱਲੋਂ ਆਯੋਜਿਤ ਸਨਮਾਨ ਸਮਾਰੋਹ ਵਿੱਚ ਕੀਤਾ ਸੰਬੋਧਨ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਸੂਰਿਆਕਾਂਤ ਨੇ ਬੁੱਧਵਾਰ ਨੂੰ 2025 ਬੈਚ ਦੇ ਯੋਗਤਾ ਹਾਸਲ ਕਰਨ ਵਾਲੇ ਨਵੇਂ 'ਐਡਵੋਕੇਟ-ਆਨ-ਰਿਕਾਰਡ' (ਏ.ਓ.ਆਰ.) ਨੂੰ ਕਿਹਾ ਕਿ ਉਹ ਆਨਲਾਈਨ ਪ੍ਰਸਿੱਧੀ ਦੇ ਪਿੱਛੇ ਭੱਜਣ ਦੀ ਬਜਾਏ ਆਪਣੇ ਪੇਸ਼ੇ ਵਿੱਚ ਕੜੀ ਮਿਹਨਤ ਕਰਨ। ਚੀਫ ਜਸਟਿਸ ਨੇ ਕਿਹਾ ਕਿ 'ਦਿਖਣਾ' ਅਤੇ 'ਵਿਸ਼ਵਾਸਯੋਗਤਾ' ਇੱਕੋ ਚੀਜ਼ ਨਹੀਂ ਹਨ। 'ਸੁਪਰੀਮ ਕੋਰਟ ਐਡਵੋਕੇਟਸ-ਆਨ-ਰਿਕਾਰਡ ਐਸੋਸੀਏਸ਼ਨ' ਵੱਲੋਂ ਯੋਗਤਾ ਹਾਸਲ ਕਰਨ ਵਾਲੇ ਨਵੇਂ ਏ.ਓ.ਆਰ. ਲਈ ਆਯੋਜਿਤ ਸਨਮਾਨ ਸਮਾਰੋਹ ਵਿੱਚ ਚੀਫ ਜਸਟਿਸ ਨੇ ਕਿਹਾ ਕਿ ਏ.ਓ.ਆਰ. ਵਜੋਂ ਯੋਗਤਾ ਹਾਸਲ ਕਰਨਾ ਨਾ ਸਿਰਫ਼ ਇੱਕ ਪੇਸ਼ੇਵਰ ਪ੍ਰਾਪਤੀ ਹੈ, ਸਗੋਂ ਜ਼ਿੰਮੇਵਾਰੀ ਦਾ ਦਾਇਰਾ ਵਧਣਾ ਵੀ ਹੈ। ਏ.ਓ.ਆਰ. ਇੱਕ ਵਿਸ਼ੇਸ਼ ਯੋਗਤਾ ਹਾਸਲ ਕਰਨ ਵਾਲਾ ਵਕੀਲ ਹੁੰਦਾ ਹੈ ਜਿਸ ਨੂੰ ਉੱਚਤਮ ਅਦਾਲਤ ਨੇ ਮੁਵੱਕਿਲ ਵੱਲੋਂ ਸੁਪਰੀਮ ਕੋਰਟ ਵਿੱਚ ਪੈਰਵੀ ਕਰਨ ਅਤੇ ਕੰਮ ਕਰਨ ਲਈ ਅਧਿਕਾਰਤ ਕੀਤਾ ਹੁੰਦਾ ਹੈ। ਕੇਵਲ ਏ.ਓ.ਆਰ. ਹੀ ਸੁਪਰੀਮ ਕੋਰਟ ਵਿੱਚ ਮੁਵੱਕਿਲ ਵੱਲੋਂ ਪੇਸ਼ੀ ਦਰਜ ਕਰਵਾ ਸਕਦੇ ਹਨ, ਪਟੀਸ਼ਨ ਜਾਂ ਦਸਤਾਵੇਜ਼ ਦਾਖ਼ਲ ਕਰ ਸਕਦੇ ਹਨ, ਜਿਸ ਨਾਲ ਪ੍ਰਕਿਰਿਆ ਦੀ ਪਾਲਣਾ ਅਤੇ ਉੱਚ-ਪੱਧਰੀ ਨੁਮਾਇੰਦਗੀ ਯਕੀਨੀ ਹੁੰਦੀ ਹੈ। ਚੀਫ ਜਸਟਿਸ ਨੇ ਕਿਹਾ, ''ਅਹੁਦਾ/ਪਦਵੀ ਸ਼ਾਇਦ ਦਰਵਾਜ਼ਾ ਖੋਲ੍ਹ ਦੇਵੇ, ਪਰ ਕਰੀਅਰ ਨਹੀਂ ਬਣਾਉਂਦੀ। ਕਰੀਅਰ ਤੁਹਾਡੇ ਕੰਮ ਦੀ ਗੁਣਵੱਤਾ ਤੋਂ ਬਣਦਾ ਹੈ। ਇਸ ਲਈ ਮੇਰੀ ਸਲਾਹ ਹੈ ਕਿ ਤੁਸੀਂ ਇਸ ਗੱਲ ਦੀ ਚਿੰਤਾ ਨਾ ਕਰੋ ਕਿ ਲੋਕ ਕਿੰਨੀ ਜਲਦੀ ਤੁਹਾਡਾ ਨਾਮ ਪਛਾਣਦੇ ਹਨ, ਇਸ ਦੀ ਬਜਾਏ ਇਹ ਯਕੀਨੀ ਬਣਾਓ ਕਿ ਜਦੋਂ ਵੀ ਕਿਸੇ ਕੇਸ ਫਾਈਲ 'ਤੇ ਤੁਹਾਡਾ ਨਾਮ ਦਿਸੇ, ਤਾਂ ਬੈਂਚ ਨੂੰ ਪਤਾ ਲੱਗ ਜਾਵੇ



ਕਿ ਉਸ ਦਾ ਸਾਹਮਣਾ ਇੱਕ ਬਹੁਤ ਹੀ ਚੰਗੀ ਤਰ੍ਹਾਂ ਤਿਆਰੀ ਕਰਕੇ ਆਏ ਵਕੀਲ ਅਤੇ ਪੇਪਰਬੁੱਕ ਨਾਲ ਹੋਵੇਗਾ।'' ਚੀਫ ਜਸਟਿਸ ਨੇ ਕਿਹਾ, ''ਆਨਲਾਈਨ ਪ੍ਰਸਿੱਧੀ ਨਾਲ ਸਫ਼ਲਤਾ ਨੂੰ ਮਾਪਣ ਦੇ ਲਾਲਚ ਤੋਂ ਬਚੋ। ਤੁਹਾਨੂੰ ਕਿਸੇ ਟੀਵੀ ਚੈਨਲ ਵਾਂਗ ਕੰਮ ਨਹੀਂ ਕਰਨਾ ਹੈ ਜਿਸ ਨੂੰ ਟੀ.ਆਰ.ਪੀ. ਦੀ ਚਿੰਤਾ ਹੋਵੇ।'' ਉਨ੍ਹਾਂ ਏ.ਓ.ਆਰ. ਨੂੰ ਕਿਹਾ ਕਿ ਅਸਲ ਮਾਇਨੇ ਵਿੱਚ ਉਹੀ ਸਤਿਕਾਰ ਅਹਿਮ ਹੈ ਜੋ ਉਹ ਅਦਾਲਤ ਦੇ ਕਮਰੇ ਦੇ ਅੰਦਰ ਅਤੇ ਆਪਣੇ ਸਾਥੀਆਂ ਤੇ ਬਾਰ ਦੇ ਵਿਚਕਾਰ ਕਮਾਉਂਦੇ ਹਨ।

# ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਆਈ ਚਮਕ

**ਨਵੀਂ ਦਿੱਲੀ :** ਰਾਸ਼ਟਰੀ ਰਾਜਧਾਨੀ ਦੇ ਸਰਾਫ਼ਾ ਬਾਜ਼ਾਰ ਵਿੱਚ ਬੁੱਧਵਾਰ ਨੂੰ ਸੋਨੇ ਦੀਆਂ ਕੀਮਤਾਂ ਵਿੱਚ 1,900 ਰੁਪਏ ਦਾ ਵਾਧਾ ਹੋਇਆ ਅਤੇ ਇਹ ਦੋ ਹਫ਼ਤਿਆਂ ਦੇ ਉੱਚ ਪੱਧਰ 1.49 ਲੱਖ ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ। ਇਸ ਦਾ ਕਾਰਨ ਮਜ਼ਬੂਤ ਹਾਜ਼ਰ ਮੰਗ ਅਤੇ ਗਲੋਬਲ ਬਾਜ਼ਾਰਾਂ ਵਿੱਚ ਮਜ਼ਬੂਤੀ ਦਾ ਰੁਖ ਰਿਹਾ। ਆਲ ਇੰਡੀਆ ਸਰਾਫ਼ਾ ਐਸੋਸੀਏਸ਼ਨ ਅਨੁਸਾਰ, 99.9 ਪ੍ਰਤੀਸ਼ਤ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ 1,900 ਰੁਪਏ ਵਧ ਕੇ 1,49,600 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਈ । ਮੰਗਲਵਾਰ ਨੂੰ ਇਹ 1,47,700 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ। ਸੱਤ ਜੁਲਾਈ ਨੂੰ ਸਥਾਨਕ ਬਾਜ਼ਾਰ ਵਿੱਚ ਸੋਨੇ ਦੀ




ਕੀਮਤ 1,49,250 ਰੁਪਏ ਪ੍ਰਤੀ 10 ਗ੍ਰਾਮ ਸੀ। ਲਗਾਤਾਰ ਛੇ ਸੈਸ਼ਨਾਂ ਦੀ ਗਿਰਾਵਟ ਤੋਂ ਬਾਅਦ ਚਾਂਦੀ ਵਿੱਚ ਸੁਧਾਰ ਹੋਇਆ ਅਤੇ ਇਸ ਦੀ ਕੀਮਤ 8,500 ਰੁਪਏ ਵਧ ਕੇ 2,30,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਈ । ਪਿਛਲੇ ਸੈਸ਼ਨ ਵਿੱਚ ਇਹ 2,21,500 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ। ਕਾਰੋਬਾਰੀਆਂ ਨੇ ਕਿਹਾ ਕਿ ਵਿਦੇਸ਼ੀ ਬਾਜ਼ਾਰ ਵਿੱਚ ਮਜ਼ਬੂਤ ਕੀਮਤਾਂ, ਮੁੜ ਵਧੀ ਹਾਜ਼ਰ ਮੰਗ ਅਤੇ ਪਿਛਲੇ ਹਫ਼ਤੇ ਦੀ ਗਿਰਾਵਟ ਤੋਂ ਬਾਅਦ ਹੇਠਲੇ ਪੱਧਰ 'ਤੇ ਖ਼ਰੀਦਦਾਰੀ ਵਧਣ ਕਾਰਨ ਸੋਨੇ ਵਿੱਚ ਲਗਾਤਾਰ ਤੀਜੇ ਸੈਸ਼ਨ ਵਿੱਚ ਤੇਜ਼ੀ ਬਣੀ ਰਹੀ।

# ਨੀਟ ਪੇਪਰ ਨੂੰ ਲੈ ਕੇ ਬਿਹਾਰ ਵਿੱਚ ਵੱਡਾ ਰੋਸ ਪ੍ਰਦਰਸ਼ਨ

**ਬਿਹਾਰ:** ਬੁੱਧਵਾਰ ਨੂੰ, ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਓਓਠ ਪੇਪਰ ਲੀਕ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਕੁੱਟਮਾਰ ਕੀਤੀ। ਵਿਰੋਧ ਪ੍ਰਦਰਸ਼ਨ ਦੌਰਾਨ, ਕਈ ਵਿਦਿਆਰਥੀ ਸੜਕ 'ਤੇ ਲੇਟ ਗਏ, ਪੁਲਿਸ ਨੇ ਉਨ੍ਹਾਂ ਨੂੰ ਘਸੀਟ ਕੇ ਲੈ ਜਾਇਆ। ਉਨ੍ਹਾਂ ਨੂੰ ਜ਼ਬਰਦਸਤੀ ਵਾਹਨਾਂ ਵਿੱਚ ਬਿਠਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ, ਪੁਲਿਸ ਨੇ ਡਾਕਬੰਗਲਾ ਸਕੁਏਅਰ 'ਤੇ ਵਿਦਿਆਰਥੀਆਂ ਨੂੰ ਬੈਰੀਕੇਡ ਕੀਤਾ ਸੀ। ਲਗਭਗ ਇੱਕ ਘੰਟੇ ਤੱਕ, ਵਿਦਿਆਰਥੀਆਂ ਨੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਬੈਰੀਕੇਡਾਂ 'ਤੇ ਚੜ੍ਹ ਗਏ। ਪੁਲਿਸ ਨੇ ਉਨ੍ਹਾਂ ਨੂੰ ਵਾਰ-ਵਾਰ ਖਿੰਡਾਉਣ ਲਈ ਕਿਹਾ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਵਿਦਿਆਰਥੀਆਂ ਨੂੰ ਹਟਾਉਣ ਲਈ ਛੀਸ਼ਢ ਅਤੇ CRPF ਨੂੰ ਬੁਲਾਇਆ ਗਿਆ। ਵਿਦਿਆਰਥੀ ਬੈਰੀਕੇਡ ਤੋੜ ਕੇ ਰਾਜ ਭਵਨ ਵੱਲ ਵਧੇ। ਪ੍ਰਦਰਸ਼ਨਕਾਰੀਆਂ ਨੇ ਡਾਕਬੰਗਲਾ



ਸਕੁਏਅਰ ਤੋਂ ਜਾ ਰਹੇ ਭਾਜਪਾ ਨੇਤਾਵਾਂ ਦੇ ਵਾਹਨਾਂ 'ਤੇ ਵੀ ਹਮਲਾ ਕੀਤਾ। ਇੱਕ ਵਿਧਾਇਕ ਨੂੰ ਆਪਣੀ ਜਾਨ ਬਚਾਉਣ ਲਈ ਭੱਜਣਾ ਪਿਆ। ਵਿਰੋਧ ਪ੍ਰਦਰਸ਼ਨ ਦੌਰਾਨ ਪਟਨਾ ਦੇ ਇੰਸਪੈਕਟਰ ਜਨਰਲ ਦੇ ਐਸਕਾਰਟ ਵਾਹਨ 'ਤੇ ਹਮਲਾ ਕੀਤਾ ਗਿਆ।

ਪ੍ਰਦਰਸ਼ਨਕਾਰੀਆਂ ਨੇ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲਿਸ ਸੁਪਰਡੈਂਟ (SP) ਦੇ ਸਾਹਮਣੇ ਤਾੜੀਆਂ ਵਜਾਈਆਂ। ਇਸ ਤੋਂ ਪਹਿਲਾਂ, ਪੁਲਿਸ ਨੇ ਜੇਪੀ ਗੋਲੰਬਰ 'ਤੇ ਵਿਦਿਆਰਥੀਆਂ ਨੂੰ ਰੋਕਿਆ ਸੀ, ਪਰ ਉਹ ਉੱਥੇ ਵੀ ਬੈਰੀਕੇਡ ਤੋੜ ਕੇ ਡਾਕ ਬੰਗਲਾ ਪਹੁੰਚ ਗਏ। ਜੇਪੀ ਗੋਲੰਬਰ ਵਿਖੇ, ਪੁਲਿਸ ਨੇ ਵਿਦਿਆਰਥੀਆਂ ਨੂੰ ਰੋਕਣ ਲਈ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ। ਉਨ੍ਹਾਂ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਵੀ ਕੀਤਾ, ਪਰ ਇਸ ਤੋਂ ਬਾਅਦ ਵੀ ਉਹ ਸੜਕ 'ਤੇ ਬੈਠ ਕੇ ਵਿਰੋਧ ਪ੍ਰਦਰਸ਼ਨ ਕਰਦੇ ਰਹੇ। ਵਿਦਿਆਰਥੀਆਂ ਨੇ ਸਵੇਰੇ ਲਗਭਗ 10:30 ਵਜੇ ਗਾਂਧੀ ਮੈਦਾਨ ਤੋਂ ਰਾਜ ਭਵਨ ਵੱਲ ਮਾਰਚ ਸ਼ੁਰੂ ਕੀਤਾ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕਾਕਰੋਚ ਜਨਤਾ ਪਾਰਟੀ ਦਾ ਇੰਸਟਾਗ੍ਰਾਮ ਹੈਂਡਲ ਭਾਰਤ 'ਚ ਬੈਨ

## ਦੀਪਕੇ ਨੇ ਕੇਂਦਰ ਸਰਕਾਰ 'ਤੇ ਲਗਾਇਆ ਇਲਜ਼ਾਮ, ਕੁਝ ਸਮੇਂ ਬਾਅਦ ਹੋਇਆ ਸ਼ੁਰੂ



**ਨਵੀਂ ਦਿੱਲੀ :** ਕਾਕਰੋਚ ਜਨਤਾ ਪਾਰਟੀ ਦਾ ਇੰਸਟਾਗ੍ਰਾਮ ਹੈਂਡਲ ਭਾਰਤ 'ਚ ਬੈਨ ਕਰ ਦਿੱਤਾ ਗਿਆ ਹੈ । ਅਭਿਜੀਤ ਦੀਪਕੇ ਨੇ ਕੇਂਦਰ ਸਰਕਾਰ 'ਤੇ ਇਲਜ਼ਾਮ ਲਗਾਇਆ ਹੈ । ਉਨ੍ਹਾਂ 'ਐਕਸ' 'ਤੇ ਪੋਸਟ ਕਰਦੇ ਹੋਏ ਲਿਖਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਕਾਕਰੋਚ ਜਨਤਾ ਪਾਰਟੀ ਦਾ ਇੰਸਟਾਗ੍ਰਾਮ ਅਕਾਊਂਟ ਬੰਦ ਕਰਵਾ ਦਿੱਤਾ ਹੈ। ਜਦਕਿ ਕੁਝ ਸਮੇਂ ਬਾਅਦ ਹੀ ਇੰਸਟਾਗ੍ਰਾਮ ਅਕਾਊਂਟ ਮੁੜ ਚਾਲੂ ਹੋ ਗਿਆ । ਫਿਲਹਾਲ ਇਹ ਸੁਚਾਰੂ ਰੂਪ ਨਾਲ ਕੰਮ ਕਰ ਰਿਹਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਸਾਮ ਵਿੱਚ ਹੜ੍ਹ ਕਾਰਨ ਹਾਲਾਤ ਵਿਗੜੇ, 21 ਵਿਅਕਤੀਆਂ ਦੀ ਮੌਤ, ਕਈ ਲਾਪਤਾ



**ਗੁਹਾਟੀ।** ਲਗਾਤਾਰ ਬਾਰਿਸ਼ ਕਾਰਨ ਅਸਾਮ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਆ ਗਏ। ਹੜ੍ਹਾਂ ਕਾਰਨ 21 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਲਗਪਗ 5.65 ਲੱਖ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੁਆਰਾ ਬੀਤੀ ਦੇਰ ਰਾਤ ਜਾਰੀ ਕੀਤੀ ਗਈ ਰੋਜ਼ਾਨਾ ਹੜ੍ਹ ਰਿਪੋਰਟ ਦੇ ਅਨੁਸਾਰ, ਵਿਸ਼ਵਨਾਥ, ਚਰਾਈਦੇਵ, ਧੇਮਾਜੀ, ਡਿਬਰੂਗੜ੍ਹ, ਗੋਲਾਘਾਟ, ਜੋਰਹਾਟ, ਕਾਮਰੂਪ, ਕਾਮਰੂਪ ਮੈਟਰੋਪੋਲੀਟਨ, ਕਰਬੀ ਅੰਗਲੋਂਗ, ਨਾਗਾਓਂ, ਸ਼ਿਵਸਾਗਰ ਅਤੇ ਤਿਨਸੁਕੀਆ ਜ਼ਿਲ੍ਹਿਆਂ ਵਿੱਚ 5,64,600 ਤੋਂ ਵੱਧ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ।

ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਪਿਛਲੇ 24 ਘੰਟਿਆਂ ਵਿੱਚ, ਸਿਵਾਸਾਗਰ ਜ਼ਿਲ੍ਹੇ ਵਿੱਚ 13 ਲੋਕ ਜਿਨ੍ਹਾਂ ਵਿੱਚ ਚਾਰ ਔਰਤਾਂ ਅਤੇ ਦੋ ਬੱਚੇ ਸ਼ਾਮਲ ਹਨ। ਹੜ੍ਹ ਦੇ ਪਾਣੀ ਵਿੱਚ ਡੁੱਬ ਗਏ। ਇਸ ਤੋਂ ਬਾਅਦ ਚਰਾਈਦੇਵ ਵਿੱਚ ਪੰਜ ਲੋਕਾਂ (ਦੋ ਬੱਚਿਆਂ ਸਮੇਤ) ਦੀ ਮੌਤ ਹੋ ਗਈ, ਗੋਲਾਘਾਟ ਵਿੱਚ ਦੋ ਅਤੇ ਜੋਰਹਾਟ ਵਿੱਚ ਇੱਕ ਔਰਤ ਦੀ ਮੌਤ ਹੋ ਗਈ। ਇਨ੍ਹਾਂ ਮੌਤਾਂ ਦੇ ਨਾਲ ਇਸ ਸਾਲ ਹੜ੍ਹਾਂ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 31 ਹੋ ਗਈ ਹੈ। ਭਾਰਤ ਮੌਸਮ ਵਿਭਾਗ ਨੇ ਅਸਾਮ ਲਈ ਯੈਲੋ ਅਲਰਟ ਜਾਰੀ ਕੀਤਾ ਹੈ, ਜਿਸ ਵਿੱਚ ਅਗਲੇ ਚਾਰ ਦਿਨਾਂ ਵਿੱਚ ਕੁਝ ਖੇਤਰਾਂ ਵਿੱਚ ਗਰਜ-ਤੂਫ਼ਾਨ ਅਤੇ ਭਾਰੀ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ। ਗੁਹਾਟੀ ਵਿੱਚ ਖੇਤਰੀ ਮੌਸਮ ਵਿਗਿਆਨ ਕੇਂਦਰ ਨੇ ਦੱਸਿਆ ਕਿ ਚੱਕਰਵਾਤੀ ਸਰਕੂਲੇਸ਼ਨ, ਜੋ ਕਿ ਮੱਧ ਅਸਾਮ ਅਤੇ ਨਾਲ ਲੱਗਦੇ ਨਾਗਾਲੈਂਡ ਵਿੱਚ ਸਮੁੰਦਰ ਤਲ ਤੋਂ 1.5 ਤੋਂ 3.1 ਕਿਲੋਮੀਟਰ ਦੀ ਉਚਾਈ ਤੇ ਬਣਿਆ ਸੀ, ਹੁਣ ਕਮਜ਼ੋਰ ਹੋ ਗਿਆ ਹੈ। ਇਸ ਵੇਲੇ ਬ੍ਰਹਮਪੁੱਤਰ ਨਦੀ ਨੇਮਾਟੀਘਾਟ ਵਿਖੇ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀ ਹੈ, ਜਦੋਂ ਕਿ ਇਸ ਦੀਆਂ ਸਹਾਇਕ ਨਦੀਆਂ ਖੋਵਾਂਗ ਵਿਖੇ ਬੁਰਹੀਡੀਹਿੰਗ ਅਤੇ ਗੋਲਾਘਾਟ ਅਤੇ ਨੁਮਾਲੀਗੜ੍ਹ ਵਿਖੇ ਧਨਸਿਰੀ ਵੀ ਖ਼ਤਰੇ ਦੇ ਪੱਧਰ ਤੋਂ ਉੱਪਰ ਵਗ ਰਹੀਆਂ ਹਨ। ਇਸ ਦੌਰਾਨ ਸ਼ਿਵਸਾਗਰ ਵਿੱਚ ਦਿਖੋ ਨਦੀ ਅਤੇ ਦਿਸਾਂਗ ਨਦੀ (ਨੰਗਲਮੁਰਾ ਘਾਟ ਤੇ) ਆਪਣੇ ਸਭ ਤੋਂ ਉੱਚੇ ਹੜ੍ਹ ਦੇ ਪੱਧਰ ਤੋਂ ਉੱਪਰ ਵਗ ਰਹੀਆਂ ਹਨ। ਸਿਵਾਸਾਗਰ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਾ ਹੈ, ਜਿਸ ਵਿੱਚ ਲਗਪਗ 3.6 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਸ ਤੋਂ ਬਾਅਦ ਜੋਰਹਾਟ ਹੈ, ਜਿੱਥੇ ਲਗਪਗ 88,000 ਲੋਕ ਪ੍ਰਭਾਵਿਤ ਹੋਏ ਹਨ ਅਤੇ ਚਰਾਈਦੇਓ, ਜਿੱਥੇ 72,500 ਤੋਂ ਵੱਧ ਲੋਕ ਹੜ੍ਹਾਂ ਦੀ ਲਪੇਟ ਵਿੱਚ ਹਨ। ਸੋਮਵਾਰ ਰਾਤ ਤੋਂ ਬਾਅਦ ਹੜ੍ਹ ਦੀ ਸਥਿਤੀ ਕਾਫ਼ੀ ਵਿਗੜ ਗਈ ਹੈ, ਜਦੋਂ 15 ਜ਼ਿਲ੍ਹਿਆਂ ਵਿੱਚ ਲਗਪਗ 3.63 ਲੱਖ ਲੋਕ ਪ੍ਰਭਾਵਿਤ ਹੋਏ ਸਨ। ਪ੍ਰਸ਼ਾਸਨ 10 ਜ਼ਿਲ੍ਹਿਆਂ ਵਿੱਚ 273 ਰਾਹਤ ਕੈਂਪ ਅਤੇ ਰਾਹਤ ਵੰਡ ਕੇਂਦਰ ਚਲਾ ਰਿਹਾ ਹੈ, ਜੋ ਇਸ ਸਮੇਂ 12,284 ਵਿਸਥਾਪਿਤ ਲੋਕਾਂ ਦੀ ਦੇਖਭਾਲ ਕਰ ਰਿਹਾ ਹੈ। ਫੌਜ, ਐਨ ਡੀ ਆਰ ਐਫ, ਐਸ ਡੀ ਆਰ ਐਫ, ਫਾਇਰ ਅਤੇ ਐਮਰਜੈਂਸੀ ਸੇਵਾਵਾਂ, ਪੁਲੀਸ ਅਤੇ ਸਿਵਲ ਵਿਭਾਗਾਂ ਸਮੇਤ ਵੱਖ-ਵੱਖ ਏਜੰਸੀਆਂ ਨੇ ਚਰਾਈਦੇਓ, ਗੋਲਾਘਾਟ, ਜੋਰਹਾਟ ਅਤੇ ਸ਼ਿਵਸਾਗਰ ਦੇ ਵੱਖ-ਵੱਖ ਖੇਤਰਾਂ ਤੋਂ 6,000 ਤੋਂ ਵੱਧ ਲੋਕਾਂ ਨੂੰ ਬਚਾਇਆ ਹੈ। ਇਸ ਵੇਲੇ ਰਾਜ ਭਰ ਵਿੱਚ 872 ਪਿੰਡ ਡੁੱਬ ਗਏ ਹਨ ਅਤੇ ਅਸਾਮ ਵਿੱਚ 24,210.35 ਹੈਕਟੇਅਰ ਫਸਲੀ ਖੇਤਰ ਨੂੰ ਨੁਕਸਾਨ ਪਹੁੰਚਿਆ ਹੈ। ਹੜ੍ਹਾਂ ਦੇ ਪਾਣੀ ਨੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬੰਨ੍ਹਾਂ, ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ। ਵਿਆਪਕ ਹੜ੍ਹਾਂ ਨੇ ਰਾਜ ਭਰ ਵਿੱਚ 185,029 ਪਸ਼ੂ ਅਤੇ ਪੋਲਟਰੀ ਨੂੰ ਵੀ ਪ੍ਰਭਾਵਿਤ ਕੀਤਾ ਹੈ।

## ਸੁਪਰੀਮ ਕੋਰਟ ਵੱਲੋਂ ਸੀ ਜੇ ਪੀ ਪ੍ਰਦਰਸ਼ਨ ਮੌਕੇ ਪੁਲੀਸ ਕਾਰਵਾਈ ਖ਼ਿਲਾਫ਼ ਪਟੀਸ਼ਨ ਤੇ ਤੁਰੰਤ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਅੱਜ ਦਿੱਲੀ ਵਿੱਚ ਕੋਕਰੋਚ ਜਨਤਾ ਪਾਰਟੀ ਦੀ ਅਗਵਾਈ ਹੇਠ ਹੋਏ ਪ੍ਰਦਰਸ਼ਨ ਮਾਰਚ ਦੌਰਾਨ ਵਿਦਿਆਰਥੀਆਂ ਤੇ ਪੁਲੀਸ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਤੁਰੰਤ ਸੂਚੀਬੱਧ ਕਰਨ ਦੀ ਬੇਨਤੀ ਨੂੰ ਠੁਕਰਾ ਦਿੱਤਾ। ਇਹ ਮਾਮਲਾ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਅਤੇ ਵੀ. ਮੋਹਨਾ ਦੀ ਬੈਂਚ ਦੇ ਸਾਹ-ਮਣੇ ਰੱਖਿਆ ਗਿਆ। ਵਕੀਲ ਨੇ ਕਿਹਾ ਕਿ ਮੇਰੇ ਕੋਲ ਪੁਲੀਸ ਦੀ ਬੇਰਹਿਮੀ ਬਾਰੇ ਵੀਡੀਓ ਵੀ ਹਨ, ਜੇ ਇਸ ਨੂੰ ਕੱਲ੍ਹ (ਵੀਰਵਾਰ) ਸੂਚੀਬੱਧ ਕੀਤਾ ਜਾ ਸਕੇ, ਵਿਦਿਆਰਥੀ ਉੱਥੇ ਹਨ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਨਾਲ ਕਥਿਤ ਤੌਰ ਤੇ ਪੁਲੀਸ ਵੱਲੋਂ ਬੇਰਹਿਮੀ ਕੀਤੀ ਗਈ ਸੀ ਅਤੇ ਕਿਹਾ ਕਿ ਪਟੀਸ਼ਨ ਵਿੱਚ ਤਿੰਨ ਅਰਦਾਸਾਂ ਸ਼ਾਮਲ ਹਨ। ਚੀਫ਼ ਜਸਟਿਸ ਨੇ ਬੇਨਤੀ ਨੂੰ ਠੁਕਰਾ ਦਿੱਤਾ ਅਤੇ ਇਹ ਸਪੱਸ਼ਟ ਕਰ ਦਿੱਤਾ ਕਿ ਬੈਂਚ ਮੈਨਸ਼ਨਿੰਗ ਪੜਾਅ ਤੇ ਵੀਡੀਓ ਫੁਟੇਜ ਦੀ ਜਾਂਚ ਕਰਨ ਲਈ ਤਿਆਰ ਨਹੀਂ ਹੈ। ਸੀ ਜੇ ਆਈ ਨੇ ਕਿਹਾ ਕਿ ਸਾਨੂੰ ਵੀਡੀਓਜ਼ ਵਿੱਚ ਕੋਈ ਦਿਲਚਸਪੀ ਨਹੀਂ ਹੈ, ਸਾਡੇ ਕੋਲ ਦੇਖਣ ਦਾ ਸਮਾਂ ਨਹੀਂ ਹੈ, ਅਸੀਂ ਵੀਡੀਓ ਨਹੀਂ ਦੇਖਣਾ ਚਾਹੁੰਦੇ। ਜਦੋਂ ਵਕੀਲ ਨੇ ਦੁਹਰਾਇਆ ਕਿ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਗਈ ਹੈ ਅਤੇ ਦੁਬਾਰਾ ਵੀਡੀਓ ਸਬੂਤਾਂ ਦਾ ਹਵਾਲਾ ਦਿੱਤਾ, ਤਾਂ ਸੀ ਜੇ ਆਈ ਨੇ ਕਿਹਾ ਕਿ ਸਾਡਾ ਸਮਾਂ ਬਰਬਾਦ ਨਾ ਕਰੋ। ਅਸੀਂ ਕੋਈ ਵੀ ਵੀਡੀਓ ਨਹੀਂ ਦੇਖਣਾ ਚਾਹੁੰਦੇ। ਇਹ ਪਟੀਸ਼ਨ ਸੋਮਵਾਰ ਨੂੰ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਸੰਸਦ ਵੱਲ ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਮਾਰਚ ਦੌਰਾਨ ਪੁਲੀਸ ਕਾਰਵਾਈ ਨਾਲ ਸਬੰਧਤ ਹੈ, ਜਦੋਂ ਕਥਿਤ ਪ੍ਰੀਖਿਆ ਬੇਨਿਯਮੀਆਂ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਨ ਲਈ ਹਜ਼ਾਰਾਂ ਵਿਦਿਆਰਥੀ ਅਤੇ ਨੌਜਵਾਨ ਪ੍ਰਦਰਸ਼ਨਕਾਰੀ ਦਿੱਲੀ ਵਿੱਚ ਇਕੱਠੇ ਹੋਏ ਸਨ। ਇਸ ਮਾਰਚ ਵਿੱਚ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਕਰਮਚਾਰੀਆਂ ਵਿਚਕਾਰ ਝੜਪਾਂ ਦੇਖਣ ਨੂੰ ਮਿਲੀਆਂ, ਜਿਨ੍ਹਾਂ ਨੇ ਸੰਸਦ ਵੱਲ ਜਾਣ ਦੀ ਕੋਸ਼ਿਸ਼ ਕਰ ਰਹੀ ਭੀੜ ਨੂੰ ਖਦੇੜਨ ਲਈ ਲਾਠੀਆਂ ਅਤੇ ਅੱਥਰੂ ਗੈਸ ਦੀ ਵਰਤੋਂ ਕੀਤੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਜਨਤਕ ਅਤੇ ਜਮਹੂਰੀ ਜੱਥੇਬੰਦੀਆਂ ਨੇ ਪੁਲਿਸ ਵੱਲੋਂ ਸਫ਼ਾਈ ਕਾਮਿਆਂ ਉੱਤੇ ਕੀਤੇ ਅੰਨ੍ਹੇ ਜ਼ਬਰ ਦੀ ਸਖ਼ਤ ਨਿਖੇਧੀ







**ਨਰਾਇਣ ਦੱਤ**

ਬਰਨਾਲਾ ਪੁਲਿਸ ਨੇ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਫਾਈ ਸੇਵਕਾਂ ਨੂੰ ਬਹੁਤ ਨਾਲ ਕੁੱਟਿਆ। ਔਰਤਾਂ ਦੇ ਸਿਰਾਂ ਤੇ ਸਿੱਧੀਆਂ ਡਾਂਗਾਂ ਵਰ੍ਹਾਈਆਂ ਗਈਆਂ। ਜਿਸ ਕਾਰਨ ਕਈ ਔਰਤ ਸਫ਼ਾਈ ਸੇਵਕਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਬਰਨਾਲਾ ਪੁਲਿਸ ਪ੍ਰਸ਼ਾਸਨ ਵੱਲੋਂ ਹਾਕਮ ਧਿਰ ਆਮ ਆਦਮੀ ਪਾਰਟੀ ਦੀ ਸ਼ਹਿ ਤੇ ਸਫ਼ਾਈ ਕਰਮੀਆਂ ਦਾ ਸੰਘਰਸ਼ ਖਿਡਾਉਣ ਲਈ ਕੀਤੇ ਜਬਰ ਦਾ ਜਥੇਬੰਦੀਆਂ ਨੇ ਸਖ਼ਤ ਨੋਟਿਸ ਲਿਆ। ਸਮੂਹ ਜੱਥੇਬੰਦੀਆਂ ਵੱਲੋਂ ਸਫਾਈ ਕਾਮਿਆਂ ਦੇ ਸੰਘਰਸ਼ ਦੀ ਹਿਮਾਇਤ ਵਿੱਚ ਅਤੇ ਪੁਲਿਸ ਦੇ ਰਵੱਈਏ ਖਿਲਾਫ਼ 23-07-26 ਨੂੰ ਦਾਣਾ ਮੰਡੀ ਬਰਨਾਲਾ ਵਿੱਚ ਸ਼ਾਮ 4 ਵਜੇ ਇਕੱਤਰ ਹੋ ਕੇ ਪੁਲਿਸ ਜ਼ਬਰ ਖ਼ਿਲਾਫ਼ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਸਾਰੀਆਂ ਜਨਤਕ ਜਥੇਬੰਦੀਆਂ ਅਤੇ ਇਨਸਾਫ ਪਸੰਦ ਨਾਗਰਿਕਾਂ ਨੂੰ ਕੱਲ੍ਹ ਦੇ ਮੁਜ਼ਾਹਰੇ ਵਿੱਚ ਸਮੇਂ ਸਿਰ ਜਰੂਰ ਸ਼ਾਮਲ ਹੋਣ ਦੀ ਅਪੀਲ ।

# ਪੰਜਾਬ ਪ੍ਰੈੱਸ ਕਲੱਬ ਵੱਲੋਂ ਦਿੱਲੀ ਵਿੱਚ ਹੋਏ ਵਿਦਿਆਰਥੀਆਂ ਤੇ ਲਾਠੀਚਾਰਜ ਦੀ ਨਿੰਦਾ

**ਜਲੰਧਰ 22 ਜੁਲਾਈ (ਬਰਜਿੰਦਰ ਕੌਰ ਬਿਸਰਾਓ):-** ਨਵੀਂ ਦਿੱਲੀ ਵਿੱਚ ਜੰਤਰ ਮੰਤਰ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਦੇਸ਼ ਭਰ ਦੇ ਵਿਦਿਆਰਥੀਆਂ ਤੇ ਪੁਲਿਸ ਵੱਲੋਂ ਲਾਠੀਚਾਰਜ ਅਤੇ ਬੇਤਹਾਸ਼ਾ ਤਸ਼ੱਦਦ ਕਰਨ ਦੀ ਪੰਜਾਬ ਪ੍ਰੈੱਸ ਕਲੱਬ ਦੀ ਗਵਰਨਿੰਗ ਕੌਂਸਲ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਵਿੱਚ ਗਵਰਨਿੰਗ ਕੌਂਸਲ ਦੇ ਮੈਂਬਰਾਂ ਪੁਨੀਤ ਸਹਿਗਲ, ਰਾਜੇਸ਼ ਥਾਪਾ, ਤੇਜਿੰਦਰ ਕੌਰ ਥਿੰਦ, ਪਰਮਜੀਤ ਸਿੰਘ ਰੰਗਪੁਰੀ, ਮਨਦੀਪ ਸ਼ਰਮਾ, ਸ਼ਿਵ ਸ਼ਰਮਾ, ਰਾਜੇਸ਼ ਯੋਗੀ ਤੇ ਸੁਕਰਾਂਤ ਸਫਰੀ ਨੇ ਕਿਹਾ ਕਿ ਲੋਕਤੰਤਰ ਵਿੱਚ ਸ਼ਾਂਤਮਈ ਢੰਗ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਅਤੇ ਰੋਸ ਜ਼ਾਹਿਰ ਕਰਨ ਦਾ ਸਭ ਨੂੰ ਜਮਹੂਰੀ ਹੱਕ ਹੈ ਪਰ ਹੁਣ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਲੋਕਾਂ ਦਾ ਇਹ ਜਮਹੂਰੀ ਅਧਿਕਾਰ ਵੀ ਖੋਹਿਆ ਜਾ ਰਿਹਾ ਹੈ। ਸੱਤਾਧਾਰੀ ਪਾਰਟੀਆਂ ਨੇ ਆਪਣੀਆਂ ਵਿਰੋਧੀ ਸਿਆਸੀ ਪਾਰਟੀਆਂ ਨੂੰ ਦਬਾਉਣ ਦੇ ਨਾਲ ਨਾਲ ਗੈਰ ਸਿਆਸੀ ਅਤੇ ਆਮ ਲੋਕਾਂ ਨੂੰ ਵੀ ਤਾਨਾਸ਼ਾਹੀ ਢੰਗ ਨਾਲ ਉਨ੍ਹਾਂ ਦੇ ਹੱਕਾਂ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰੈੱਸ ਕਲੱਬ ਹਮੇਸ਼ਾ ਲੋਕਤੰਤਰ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦਾ ਸਮਰਥਨ ਕਰਦਾ ਰਿਹਾ ਹੈ ਤੇ ਗੈਰ ਲੋਕਤੰਤਰਿਕ ਕਾਰਵਾਈਆਂ ਦੀ ਸਖ਼ਤ ਨਿੰਦਾ ਕਰਦਾ ਹੈ।

# ਸੰਦੀਪ ਚੌਧਰੀ (ਹਨੀ) ਟੌਂਸਾ ਹਲਕਾ ਇੰਚਾਰਜ ਬਲਾਚੌਰ ਦੀ ਅਗਵਾਈ 'ਚ ਚੰਡੀਗੜ੍ਹ ਲਈ ਵਿਸ਼ਾਲ ਕਾਫਲਾ ਰਵਾਨਾ



**ਬਲਾਚੌਰ 22 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ (ਬਾਦਲ ) ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਦੀ ਚੰਡੀਗੜ੍ਹ ਵਿਖੇ ਐਸਆਈਟੀ ਅੱਗੇ ਪੇਸ਼ੀ ਸਮੇ ਹਲਕਾ ਬਲਾਚੌਰ ਹਨੀ ਟੌਂਸਾ ਦੀ ਅਗਵਾਈ ਵਿੱਚ ਫਤਿਹਪੁਰ ਤੋਂ ਵਿਸ਼ਾਲ ਕਾਫਲਾ ਰਵਾਨਾ ਹੋਇਆ। ਜਿਸ ਵਿੱਚ ਹਲਕਾ ਬਲਾਚੌਰ ਦੀ ਸਮੁੱਚੀ ਚੀ ਲੀਡਰਸ਼ਿਪ ਦੇ ਨਾਲ ਨਾਲ ਯੂਥ ਵਿੰਗ ਵੀ ਭਰਵੀਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਹਨੀ ਟੌਂਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਗਿਆ ਕਿ ਆਪ ਸਰਕਾਰ ਦੇ ਪੈਰ ਹੁਣ ਪੰਜਾਬ ਵਿੱਚੋਂ ਉਖੜ ਰਹੇ ਹਨ ਤੇ ਆਪ ਸਰਕਾਰ ਹੁਣ ਬਦਲੇ ਦੀ ਰਾਜਨੀਤੀ ਤੇ ਉਤਰ ਰਹੀ ਹੈ ਅਤੇ ਹੁਣ ਆਪ ਸਰਕਾਰ ਸੁਖਬੀਰ ਸਿੰਘ ਬਾਦਲ ਤੇ ਨਜਾਇਜ਼ ਪਰਚੇ ਦਾ ਦਬਾਅ ਬਣਾ ਰਹੀ। ਪਰ ਇਹਨਾਂ ਧਮਕੀਆਂ ਨਾਲ ਸ ਬਾਦਲ ਅਤੇ ਨਾ ਹੀ ਪਾਰਟੀ ਵਰਕਰ ਡਰਨ ਵਾਲੇ ਹਨ। ਸਰਕਾਰ ਦੇ ਹਰ ਧੱਕੇ ਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਕੇ ਤੇ ਹਾਜ਼ਰ ਨੇਤਾਵਾਂ ਵਿੱਚ ਤਿਰਲੋਚਨ ਸਿੰਘ ਰੱਕੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ , ਸਤਨਾਮ ਸਿੰਘ ਰਾਜੂਮਾਜਰਾ ਰਿਟਾਇਡ ਡੀਐਸਪੀ, ਮਦਨ ਲਾਲ ਰਾਜੂਮਾਜਰਾ, ਇਕਬਾਲ ਸਿੰਘ ਪਨਿਆਲੀ, ਰਾਣਾ ਰਣਦੀਪ ਕੌਸ਼ਲ ਬਲਾਚੌਰ ਸਾਬਕਾ ਪ੍ਰਧਾਨ ਨਗਰ ਕੌਂਸਲ , ਅਮਰਜੀਤ ਸਿੰਘ ਸਾਬਕਾ ਐਮਸੀ, ਹਰਦੇਵ ਸਿੰਘ , ਰਾਣਾ ਮੋਹਰ, ਜੋਗਿੰਦਰ ਸਿੰਘ ਅਟਵਾਲ, ਸਤਨਾਮ ਸਿੰਘ ਸਹੂੰਗੜਾ ,ਕਮਲ ਨੀਲੇਵਾੜਾ ,ਅਵਤਾਰ ਨੀਲੇਵਾੜਾ , ਕਰਨ-ਜੋਤ ਸਿੰਘ ਬੈਂਸ ਪ੍ਰਧਾਨ ਯੂਥ ਅਕਾਲੀ ਦਲ, ਗੁਰਦੀਪ ਸਿੰਘ ਬਕਾਪੁਰ , ਅਜਮੇਰ ਸਿੰਘ ਭਾਰਾਪੁਰ., ਹਰਨੇਕ ਸਿੰਘ ਛਦੌੜੀ , ਸੁਖਵਿੰਦਰ ਸਿੰਘ ਠਠਿਆਲਾ, ਸੁਖਵਿੰਦਰ ਸਿੰਘ ਪ੍ਰਧਾਨ ਵਪਾਰ ਵਿੰਗ, ਬਿਟੂ ਮਹੇਸ਼ੀ, ਸ਼ਮੀ ਸਰਪੰਚ ਉਧਨਵਾਲ, ਪਵਨ ਕੁਕੜਸੂਹਾ, ਸੁਰਿੰਦਰ ਸਿੰਘ, ਪੰਜਾਬ ਸਿੰਘ, ਕੁਲਵਿੰਦਰ , ਗੁਰਨੇਕ ਸਿੰਘ ਧੋਲਾ, ਸ਼ੰਕਰ ਜੰਡੀ ਮੀਤ ਪ੍ਰਧਾਨ ਬੀਸੀ ਵਿੰਗ, ਪਰਸ਼ੋਤਮ ਬਲਾਕ ਸੰਮਤੀ ਮੈਂਬਰ, ਸੁਰਜੀਤ ਕੋਹਲੀ, ਦਲਜੀਤ ਸਿੰਘ ਮਾਣੇਵਾਲ, ਸਵਰਨ ਸਿੰਘ ਟੌਂਸਾ , ਮੰਗਾ ਪੰਚ ਜੈਨਪੁਰ, ਭਰਵੀਰ ਭੁੰਬਲਾ ਐਸਓਆਈ ਪ੍ਰਧਾਨ, ਗੁਰਪ੍ਰੀਤ ਗੁੱਜਰ ਰੈਲਮਾਜਰਾ ,ਸੰਜੂ ਉਧਨਵਾਲ ਪੰਕਜ ਉਧਨਵਾਲ,ਸੁੱਚਾ ਜੈਨਪੁਰ ,ਸੁੱਚਾ ਜੈਨਪੁਰ, ਸੋਨੂੰ ਬੂਥਗੜ੍ਹ ਸਮੇਤ ਵੱਡੀ ਗਿਣਤੀ ਵਰਕਰ ਤੇ ਆਗੂ ਹਾਜ਼ਰ ਸਨ।

# ਸਾਬਕਾ ਸਰਪੰਚ ਤਰਲੋਚਨ ਸਿੰਘ ਗੋਸ਼ੀ ਵੱਲੋਂ ਸਰਕਾਰੀ ਮਿਡਲ ਸਕੂਲ ਸੁੰਨੜਵਾਲ ਨੂੰ ਏ ਸੀ ਦਾਨ

**ਕਪੂਰਥਲਾ, 22 ਜੁਲਾਈ ( ਵਿਸੇਸ ਪ੍ਰਤੀਨਿਧ )-** ਪਿੰਡ ਸੁੰਨੜਵਾਲ ਦੇ ਦਾਨੀ ਸੱਜਣ ਤੇ ਸਾਬਕਾ ਸਰਪੰਚ ਸਰਦਾਰ ਤਰਲੋਚਨ ਸਿੰਘ ਗੋਸ਼ੀ ਜੋ ਕਿ ਹਮੇਸ਼ਾ ਸਮਾਜ ਦੇ ਭਲੇ ਹਿੱਤ ਕਰਦੇ ਰਹਿੰਦੇ ਹਨ ਨੇ ਅੱਜ ਸਰਕਾਰੀ ਮਿਡਲ ਸਕੂਲ ਸੁੰਨੜਵਾਲ ਦੇ ਇੰਚਾਰਜ ਸਰਦਾਰ ਸੁਖਦਿਆਲ ਸਿੰਘ ਝੰਡ ਦੀ ਪ੍ਰੇਰਨਾ ਸਦਕਾ ਵੱਧ ਰਹੀ ਗਰਮੀ ਨੂੰ ਮੱਦੇਨਜ਼ਰ ਰੱਖਦੇ ਹੋਏ ਸਕੂਲ ਵਿੱਚ ਨਵੇਂ ਬਣੇ ਐਡੀਸ਼ਨਲ ਕਲਾਸਰੂਮ ਵਿੱਚ ਏ ਸੀ ਲਗਵਾ ਕੇ ਦਿੱਤਾ । ਇਸ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲੇਰਖਾਨਪੁਰ ਦੇ ਪ੍ਰਿੰਸੀਪਲ ਸਾਹਿਬਾਨ ਸ੍ਰੀਮਤੀ ਰਵਿੰਦਰ ਕੌਰ ਸਟੇਟ ਐਵਾਰਡੀ ਨੇ ਸਰਪੰਚ ਸਾਹਿਬ ਦਾ ਧੰਨਵਾਦ ਕੀਤਾ ਅਤੇ ਉਨਾਂ ਨੂੰ ਭਵਿੱਖ ਵਿੱਚ ਵੀ ਸਮਾਜ ਦੇ ਭਲੇ ਹਿੱਤ ਕੰਮ ਕਰਨ ਲਈ



ਕਿਹਾ ਇਸ ਸਮੇਂ ਸਰਦਾਰ ਸੁਖਦਿਆਲ ਸਿੰਘ ਝੰਡ ਨੇ ਸਰਪੰਚ ਸਾਹਿਬ ਦਾ ਧੰਨਵਾਦ ਕੀਤਾ ਨਾਲ ਹੀ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਗਿਆ। ਉਹ ਵਿਦਿਆਰਥੀਆਂ ਦੇ ਭਲੇ ਹਮੇਸ਼ਾ ਯਤਨ ਕਰਦੇ ਰਹਿਣਗੇ। ਇਸ ਤੋਂ ਪਹਿਲਾਂ ਤਰਲੋਚਨ ਸਿੰਘ ਗੋਸ਼ੀ ਵੱਲੋਂ ਸਕੂਲ ਦੇ ਮੁੱਖ ਦੁਆਰ ਦੀ ਸੇਵਾ ਕੀਤੀ ਗਈ ਸੀ। ਪ੍ਰਿੰਸੀਪਲ ਸ਼੍ਰੀਮਤੀ ਰਵਿੰਦਰ ਕੌਰ ਸਟੇਟ ਐਵਾਰਡੀ ਵੱਲੋਂ ਸਰਦਾਰ ਤਰਲੋਚਨ ਸਿੰਘ ਗੋਸ਼ੀ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਰੂਪ ਅਤੇ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਸਿਰੋਪਾਓ ਭੇਂਟ ਕੀਤਾ ਗਿਆ। ਇਸ ਸਮੇਂ ਬਲਦੇਵ ਸਿੰਘ ਦੇਬੀ ਪ੍ਰਧਾਨ ਸਪੋਰਟਸ ਕਲੱਬ, ਸ਼੍ਰੀ ਮਨੂੰ ਕੁਮਾਰ ਪਰਾਸ਼ਰ , ਸ਼੍ਰੀਮਤੀ ਅਰਵਿੰਦ ਕੌਰ, ਸ਼੍ਰੀਮਤੀ ਮਨਜਿੰਦਰ ਕੌਰ ਕੰਪਿਊਟਰ ਫੈਕਲਟੀ, ਰਮੇਸ਼ ਕੁਮਾਰ ਭੇਟਾਂ ,ਸੁਖਜਿੰਦਰ ਸਿੰਘ ਢੋਲਣ ,ਹਰਦੇਵ ਸਿੰਘ ਖਾਨੋਵਾਲ ਅਤੇ ਅਜੇ ਸਿੰਗਲਾ ਆਦਿ ਹਾਜ਼ਿਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹੋਟਲ ਉਦਯੋਗ 'ਚ ਹੁਨਰਮੰਦ ਨੌਜਵਾਨਾਂ ਲਈ ਭਾਰਤ ਹੀ ਨਹੀਂ, ਵਿਦੇਸ਼ਾਂ 'ਚ ਵੀ ਰੋਜ਼ਗਾਰ ਦੇ ਅਥਾਹ ਮੌਕੇ - ਡਾ. ਰਾਜ ਕੁਮਾਰ ਚੱਬੇਵਾਲ

## ਫੂਡ ਕ੍ਰਾਫਟ ਇੰਸਟੀਚਿਊਟ ਵਿਖੇ ਸੀ.ਬੀ.ਐਸ.ਪੀ ਕੋਰਸ ਦੇ ਵੈਲੇਡਿਕਟਰੀ ਕਰਵਾਇਆ ਗਿਆ ਸਮਾਗਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਸਰਕਾਰ ਦੇ ਸੈਰ ਸਪਾਟਾ ਮੰਤਰਾਲੇ ਅਧੀਨ ਚੱਲ ਰਹੇ 'ਹੁਨਰ ਸੇ ਰੋਜ਼ਗ-ਾਰ ਤੱਕ' ਪ੍ਰੋਗਰਾਮ ਤਹਿਤ ਫੂਡ ਕ੍ਰਾਫਟ ਇੰਸਟੀਚਿਊਟ ਵਿਖੇ ਕੈਪੇਸਿਟੀ ਬਿਲਡਿੰਗ ਫਾਰ ਸਰਵਿਸ ਪ੍ਰੋਵਾਈਡਰਜ਼ ਕੋਰਸ ਵਿਦਿਆਰਥੀਆਂ ਦਾ ਵਿਦਾਇਗੀ ਸਮਾਗਮ ਕਰਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ। ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਹੁਨਰ ਹੀ ਸਫ਼ਲਤਾ ਦੀ ਸਭ ਤੋਂ ਵੱਡੀ ਕੁੰਜੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਫੂਡ ਅਤੇ ਹੋਟਲ ਉਦਯੋਗ ਵਿੱਚ ਹੁਨਰਮੰਦ ਨੌਜਵਾਨਾਂ ਲਈ



ਭਾਰਤ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਰੋਜ਼ਗਾਰ ਦੇ ਬੇਅੰਤ ਮੌਕੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਹੁਨਰ ਦਾ ਪੂਰਾ ਲਾਭ ਉਠਾਉਣ, ਉੱਚ ਪੱਧਰੀ ਹੋਟਲਾਂ ਅਤੇ ਪ੍ਰਾਹੁਣਚਾਰੀ ਉਦਯੋਗ ਵਿੱਚ ਆਪਣਾ ਭਵਿੱਖ ਬਣਾਉਣ ਅਤੇ ਜੇਕਰ ਉਹ ਉਦਯੋਗਪਤੀ ਬਣਨਾ ਚਾਹੁੰਦੇ ਹਨ ਤਾਂ ਆਪਣਾ ਖੁਦ ਦਾ ਸਟਾਰਟਅੱਪ ਜਾਂ ਕਾਰੋਬਾਰ ਸ਼ੁਰੂ ਕਰਕੇ ਹੋਰਨਾਂ ਲਈ ਵੀ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਅਪੀਲ ਕੀਤੀ। ਇਸ ਮੌਕੇ ਫੂਡ ਕ੍ਰਾਫਟ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਜਗਨਨਾਥਣ ਨੇ ਦੱਸਿਆ ਕਿ ਸਰਕਾਰ ਵਲੋ ਵੱਖ-ਵੱਖ ਸਕਿੱਲ ਡਿਵੈਲਪਮੈਂਟ ਕੋਰਸ ਚਲਾਏ ਜਾ ਰਹੇ ਹਨ, ਜਿਨ੍ਹਾਂ ਦਾ ਉਦੇਸ਼ ਨੌਜਵਾਨਾਂ ਨੂੰ ਉਦਯੋਗ ਦੀਆਂ ਲੋੜਾਂ ਅਨੁਸਾਰ ਪ੍ਰਸ਼ਿਕਸ਼ਿਤ ਕਰਕੇ ਰੋਜ਼ਗਾਰ ਅਤੇ ਸਵੈਰੋਜ਼ਗਾਰ ਦੇ ਯੋਗ ਬਣਾਉਣਾ ਹੈ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਰਾਜ ਕੁਮਾਰ ਚੱਬੇਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਅਕਾਊਟੈਂਟ, ਮਿਸ ਦੀਪਿਕਾ, ਸੀ.ਬੀ.ਐਸ.ਸੀ ਕੋਆਡੀਨੇਟਰ ਅਸ਼ਵਨੀ ਕੁਮਾਰ, ਗਗਨਦੀਪ ਸਿੰਘ, ਸੁਨੀਲ ਕੁਮਾਰ, ਸੌਰਵ ਕੁਮਾਰ, ਹਰਦੀਪ ਕੁਮਾਰ, ਰੋਹਿਤ ਬਜਾਜ ਮੌਜੂਦ ਸਨ।

# 'ਮਿਸ਼ਨ ਸਵਸਥ ਕਵਚ' ਨਾਲ ਜ਼ਿਲ੍ਹੇ 'ਚ ਸਿਹਤ ਜਾਗਰੂਕਤਾ ਨੂੰ ਮਿਲੇਗੀ ਨਵੀਂ ਦਿਸ਼ਾ - ਏ.ਡੀ.ਸੀ.

## ਜ਼ਿਲ੍ਹੇ 'ਚ 'ਮਿਸ਼ਨ ਸਵਸਥ ਕਵਚ' ਦੀ ਸ਼ੁਰੂਆਤ, ਵਿਦਿਆਰਥੀਆਂ ਨੇ ਸੀਪੀਆਰ ਤੇ ਮੁੱਢਲੀ ਸਹਾਇਤਾ ਦੀ ਲਈ ਸਿਖਲਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਅਤੇ ਦਯਾਨੰਦ ਮੈਡੀਕਲ ਕਾਲਜ ਐਂਡ ਹ ਸ ਪ ਤ ਾ ਲ (ਡੀ.ਐੱਮ.ਸੀ.ਐੱਚ.), ਲੁਧਿਆਣਾ ਦੇ ਸਾਂਝੇ ਉਪਰਾਲੇ ਨਾਲ ਮੰਗਲਵਾਰ ਨੂੰ ਡੀ.ਏ.ਵੀ. ਬੀ.ਐੱਡ. ਕਾਲਜ, ਹੁਸ਼ਿਆਰਪੁਰ ਵਿਖੇ 'ਮਿਸ਼ਨ ਸਵਸਥ ਕਵਚ' ਦੀ ਸ਼ੁਰੂਆਤ ਕੀਤੀ ਗਈ ਅਤੇ ਸਿਖਲਾਈ ਸੈਸ਼ਨ ਵੀ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨਿਧੀ ਕੁਮੁਦ ਬੰਬਾਹ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਏ.ਡੀ.ਸੀ. ਨੇ ਕਿਹਾ ਕਿ ਮਿਸ਼ਨ ਸਵਸਥ ਕਵਚ ਦਾ ਉਦੇਸ਼ ਲੋਕਾਂ ਵਿੱਚ ਸਿਹਤ ਸਬੰਧੀ ਜਾਗਰੂਕਤਾ ਵਧਾਉਣਾ, ਬਿਮਾਰੀਆਂ ਦੀ ਸਮੇਂ ਸਿਰ ਪਛਾਣ ਯਕੀਨੀ ਬਣਾਉਣਾ ਅਤੇ ਸਮਾਜ ਨੂੰ ਜੀਵਨ ਰੱਖਿਅਕ ਹੁਨਰਾਂ ਨਾਲ ਸਸ਼ਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿਹਤਮੰਦ



ਸਮਾਜ ਦੀ ਉਸਾਰੀ ਵਿੱਚ ਲੋਕ ਭਾਗੀਦਾਰੀ ਅਤੇ ਜਾਗਰੂਕਤਾ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪ੍ਰੋਗਰਾਮ ਦੌਰਾਨ ਭਾਗੀਦਾਰਾਂ ਨੂੰ ਕਾਰਡੀਓ ਪਲਮੋਨਰੀ ਰੀਸਸਿਟੇਸ਼ਨ (ਸੀ.ਪੀ.ਆਰ.), ਮੁੱਢਲੀ ਸਹਾਇਤਾ, ਬਲੱਡ ਪ੍ਰੈਸ਼ਰ (ਬੀ.ਪੀ.) ਦੀ ਜਾਂਚ ਅਤੇ ਬਾਡੀ ਮਾਸ ਇੰਡੈਕਸ (ਬੀ.ਐੱਮ.ਆਈ.) ਬਾਰੇ ਵਿਹਾਰਕ ਸਿਖਲਾਈ ਦਿੱਤੀ ਗਈ। ਨਰਸਿੰਗ ਸਕੂਲ ਦੇ ਵਿਦਿਆਰਥੀਆਂ ਨੇ ਸੀ.ਪੀ.ਆਰ. ਅਤੇ ਬੀ.ਪੀ. ਮਾਪਣ ਦੀ ਹੈਂਡਜ਼-ਆਨ ਸਿਖਲਾਈ ਪ੍ਰਾਪਤ ਕੀਤੀ। ਇਸ ਮੌਕੇ ਰਾਸ਼ਟਰੀ ਬਾਲ ਸਿਹਤ ਪ੍ਰੋਗਰਾਮ (ਆਰ.ਬੀ.ਐੱਸ.ਕੇ.) ਦੀਆਂ ਮੋਬਾਈਲ ਸਿਹਤ ਟੀਮਾਂ ਵੀ ਮੌਜੂਦ ਸਨ। ਏ.ਡੀ.ਸੀ. ਨੇ ਦੱਸਿਆ ਕਿ ਸਿਖਲਾਈ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਭਵਿੱਖ ਵਿੱਚ ਮਾਸਟਰ ਟ੍ਰੇਨਰ ਵਜੋਂ ਸਮਾਜ ਵਿੱਚ ਸਿਹਤ ਜਾਗਰੂਕਤਾ ਫੈਲਾਉਣ ਦਾ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਟ੍ਰੇਨਿੰਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ। ਡੀ.ਐੱਮ.ਸੀ.ਐੱਚ. ਦੇ ਡਾ. ਬਿਸ਼ਵ ਮੋਹਨ ਨੇ ਨਰਸਿੰਗ ਸਕੂਲ ਦੇ ਵਿਦਿਆਰਥੀਆਂ ਦੀ ਉਤਸ਼ਾਹਪੂਰਣ ਭਾਗੀਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਜੀਵਨ ਰੱਖਿਅਕ ਤਕਨੀਕਾਂ ਦੀ ਸਿਖਲਾਈ ਦੇਣਾ ਸਮੇਂ ਦੀ ਮਹੱਤਵਪੂਰਨ ਲੋੜ ਹੈ।

# ਰਿਟਾਇਰਡ ਕਰਨਲ ਜਸਮੇਰ ਸਿੰਘ ਬਾਲਾ ਨੇ ਸਿੱਖ ਨੈਸ਼ਨਲ ਕਾਲਜ ਦੀ ਪ੍ਰਿੰਸੀਪਲ ਇੰਦੂ ਰੱਤੀ ਨੂੰ ਪ੍ਰਿੰਸੀਪਲ ਬਣਨ ਤੇ ਦਿੱਤੀ ਮੁਬਾਰਕਬਾਦ

**ਬੰਗਾ (ਸਤਨਾਮ ਸਿੰਘ ਸਹੂੰਗੜਾ)** ਸਿੱਖ ਐਜੂਕੇਸ਼ਨਲ ਸੋਸਾਇਟੀ ਦੇ ਜਰਨਲ ਸਕੱਤਰ ਕਰਨਲ (ਰਿਟਾ.) ਜਸਮੇਰ ਸਿੰਘ ਬਾਲਾ ਨੇ ਸਿੱਖ ਨੈਸ਼ਨਲ ਕਾਲਜ, ਬੰਗਾ ਦੀ ਨਵ-ਨਿਯੁਕਤ ਪ੍ਰਿੰਸਿਪਲ ਡਾ. ਇੰਦੂ ਰੱਤੀ ਨੂੰ ਸਥਾਨਕ ਸਕੱਤਰ ਸ. ਜਰਨੈਲ ਸਿੰਘ ਪੱਲੀਝਿੱਕੀ ਜੀ ਦੀ ਹਾਜ਼ਰੀ ਵਿੱਚ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ। ਉਹਨਾਂ ਵੱਲੋਂ ਪ੍ਰਿੰਸੀਪਲ ਡਾ.ਇੰਦੂ ਰੱਤੀ ਦਾ ਫੁੱਲਾਂ ਨਾਲ ਇਸਤਕ਼ਬਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਡਾ. ਇੰਦੂ ਰੱਤੀ ਆਪਣੀ ਯੋਗਤਾ, ਮਿਹਨਤ, ਅਨੁਭਵ ਅਤੇ ਦੂਰਅੰਦੇਸ਼ੀ ਸਦਕਾ ਕਾਲਜ ਨੂੰ ਨਵੀਆਂ ਉੱਚਾਈਆਂ ਤੱਕ ਲੈ ਕੇ ਜਾਣਗੇ। ਉਨ੍ਹਾਂ ਨੇ ਆਸ ਜਤਾਈ ਕਿ ਡਾ. ਰੱਤੀ ਦੀ ਅਗਵਾਈ ਹੇਠ ਕਾਲਜ ਵਿੱਚ ਗੁਣਵੱਤਾਪੂਰਨ ਸਿੱਖਿਆ, ਅਨੁਸ਼ਾਸਨ, ਖੋਜ, ਸੱਭਿਆਚਾਰਕ ਗਤੀਵਿਧੀਆਂ ਅਤੇ ਵਿਦਿਆਰਥੀ ਭਲਾਈ ਨੂੰ ਹੋਰ ਪ੍ਰੋਤਸਾਹਨ ਮਿਲੇਗਾ। ਕਰਨਲ ਜਰਨੇਰ ਸਿੰਘ ਬਾਲਾ ਨੇ ਡਾ. ਇੰਦੂ ਰੱਤੀ ਦਾ ਹੌਂਸਲਾ



ਵਧਾਉਂਦਿਆਂ ਕਿਹਾ ਕਿ ਸਿੱਖ ਐਜੂਕੇਸ਼ਨਲ ਸੋਸਾਇਟੀ ਦਾ ਪੂਰਾ ਸਹਿਯੋਗ ਉਨ੍ਹਾਂ ਨਾਲ ਰਹੇਗਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਡਾ. ਰੱਤੀ ਆਪਣੀ ਲਗਨ ਅਤੇ ਸਮਰਪਣ ਭਾਵਨਾ ਨਾਲ ਸੰਸਥਾ ਦੀ ਸਾਖ ਨੂੰ ਹੋਰ ਉੱਚਾ ਕਰਨਗੇ। ਇਸ ਮੌਕੇ ਉਹਨਾਂ ਵੱਲੋਂ ਕਾਲਜ, ਬੰਗਾ ਦੇ ਸਮੂਹ ਅਧਿਆਪਕਾਂ ਅਤੇ ਗੈਰ-ਅਧਿਆਪਕ ਸਟਾਫ਼ ਨਾਲ ਮਿਲਣੀ ਕੀਤੀ ਗਈ। ਸਮੂਹ ਸਟਾਫ਼ ਵੱਲੋਂ ਕਰਨਲ ਬਾਲਾ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਸਟਾਫ਼ ਨਾਲ ਵਿਚਾਰ-ਵਟਾਂਦਰਾ ਕਰਦਿਆਂ ਕਾਲਜ ਦੀ ਅਕਾਦਮਿਕ ਤਰੱਕੀ, ਅਨੁਸ਼ਾਸਨ, ਵਿਦਿਆਰਥੀ ਭਲਾਈ ਅਤੇ ਸੰਸਥਾ ਦੇ ਸਰਵਪੱਖੀ ਵਿਕਾਸ ਲਈ ਪ੍ਰਿੰਸੀਪਲ ਡਾ.ਇੰਦੂ ਰੱਤੀ ਦੀ ਅਗਵਾਈ ਵਿੱਚ ਨਿੱਠ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਮੂਹ ਸਟਾਫ਼ ਦੀ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਇਸੇ ਜਜ਼ਬੇ ਨਾਲ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਸਟਾਫ਼ ਸਕੱਤਰ ਡਾ. ਨਿਰਮਲਜੀਤ ਕੌਰ ਵੱਲੋਂ ਸਮਾਗਮ ਦਾ ਬਾਖ਼ੂਬੀ ਮੰਚ ਸੰਚਾਲਨ ਕੀਤਾ ਗਿਆ।

# ਰੋਟਰੀ ਕਲੱਬ ਬੰਗਾ ਦੇ ਨਵੇਂ ਪ੍ਰਧਾਨ ਸ਼ਰਨਜੀਤ ਸਿੰਘ ਦਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਵਿਸ਼ੇਸ਼ ਸਨਮਾਨ



**ਬੰਗਾ 22 ਜੁਲਾਈ (ਚਰਨਜੀਤ ਸੱਲ੍ਹਾ)** ਰੋਟਰੀ ਕਲੱਬ ਬੰਗਾ ਦੇ ਨਵੇਂ ਪ੍ਰਧਾਨ ਸ਼ਰਨਜੀਤ ਸਿੰਘ ਦਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੁੱਜਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਹਸਪਤਾਲ ਵੱਲੋਂ ਇਲਾਕੇ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਮਿਆਰੀ ਸਿਹਤ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਸ਼ਰਨਜੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਲੋੜਵੰਦਾਂ ਮਰੀਜ਼ਾਂ ਲਈ ਸਿਹਤ ਸੇਵਾਵਾਂ ਦਾ ਭਰੋਸੇਯੋਗ ਹਸਪਤਾਲ ਬਣ ਚੁੱਕਾ ਹੈ । ਉਨ੍ਹਾਂ ਨੇ ਹਸਪਤਾਲ ਨੂੰ ਵੱਖ-ਵੱਖ ਸਿਹਤ ਅਤੇ ਸਿੱਖਿਅਕ ਸੇਵਾ ਪ੍ਰੋਜੈਕਟਾਂ ਦੇ ਨਾਲ-ਨਾਲ ਖ਼ੂਨਦਾਨ ਕੈਂਪਾਂ, ਮੈਡੀਕਲ ਕੈਂਪਾਂ ਲਈ ਰੋਟਰੀ ਕਲੱਬ ਬੰਗਾ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ।

ਇਸ ਤੋਂ ਪਹਿਲਾਂ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਰੋਟਰੀ ਕਲੱਬ ਬੰਗਾ ਦੇ ਨਵੇਂ ਪ੍ਰਧਾਨ ਸ਼ਰਨਜੀਤ ਸਿੰਘ ਦਾ ਨਿੱਘਾ ਸਵਾਗਤ ਕੀਤਾ । ਉਹਨਾਂ ਨੇ ਰੋਟਰੀ ਕਲੱਬ ਬੰਗਾ ਵੱਲੋਂ ਸਮਾਜ ਸੇਵਾ ਅਤੇ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ । ਸ. ਢਾਹਾਂ ਨੇ ਹਸਪਤਾਲ ਵਿਖੇ ਚੱਲ ਰਹੀਆਂ ਸਿਹਤ ਅਤੇ ਸਿੱਖਿਅਕ ਸੇਵਾ ਪ੍ਰੋਜੈਕਟਾਂ ਵਿਚ ਸਹਿਯੋਗ ਦੇਣ ਦੇ ਫ਼ੈਸਲੇ ਲਈ ਰੋਟਰੀ ਕਲੱਬ ਦਾ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਰੋਟਰੀ ਕਲੱਬ ਬੰਗਾ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਚਕਾਰ ਆਮ ਲੋਕਾਈ ਨੂੰ ਉੱਚ ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਆਪਸੀ ਸਹਿਯੋਗ ਨੂੰ ਵਧਾਉਣ ਦੇ ਵਿਚਾਰਾਂ ਕੀਤੀਆਂ ਗਈਆਂ । ਇਸ ਮੌਕੇ ਦਵਿੰਦਰ ਸਿੰਘ ਢਿੱਲੋਂ ਟਰੱਸਟ ਮੈਂਬਰ, ਸੁਰਿੰਦਰ ਸਿੰਘ ਢੀਂਡਸਾ ਸਾਬਕਾ ਪ੍ਰਧਾਨ ਰੋਟਰੀ ਕਲੱਬ ਬੰਗਾ ਅਤੇ ਸਮਾਜ ਸੇਵਿਕਾ ਜਗਜੀਤ ਕੌਰ ਕਰਨਾਣਾ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਵੀ ਹਾਜ਼ਰ ਸਨ ।

# ਡਿਪਟੀ ਕਮਿਸ਼ਨਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਵੱਲੋਂ ਨਾਗਰਿਕਾਂ ਨੂੰ "17ਵਾਂ ਅੰਤਰਾਸ਼ਟਰੀ ਮਾਈ ਟ੍ਰੀ ਡੇ" ਮਨਾਉਣ ਦੀ ਅਪੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਵਧਾਉਣ ਬਾਰੇ ਵਿਚਾਰ-ਚਰਚਾ ਕੀਤੀ। ਮੀਟਿੰਗ ਦੌਰਾਨ ਡੀ.ਸੀ. ਨੇ ਸਮੂਹ ਨਾਗਰਿਕਾਂ, ਸਕੂਲਾਂ, ਐਨ.ਜੀ.ਓਜ਼ ਅਤੇ ਸਰਕਾਰੀ ਵਿਭਾਗਾਂ ਨੂੰ ਅਪੀਲ ਕੀਤੀ ਕਿ ਉਹ "17ਵਾਂ ਅੰਤਰਾਸ਼ਟਰੀ ਮਾਈ ਟ੍ਰੀ ਡੇ" ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ, ਜੋ ਕਿ 26 ਜੁਲਾਈ 2026 ਨੂੰ ਮਨਾਇਆ ਜਾਵੇਗਾ। ਇਹ ਮੁਹਿੰਮ ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ_ ਵੱਲੋਂ "ਮਾਣ ਨਾਲ ਮਨਾਉਣਾ"ਥੀਮ ਹੇਠ ਆਯੋਜਿਤ ਕੀਤੀ ਜਾ ਰਹੀ ਹੈ।

ਇਸ ਮੌਕੇ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ




ਜਲਵਾਯੂ ਪਰਿਵਰਤਨ ਨਾਲ ਨਜਿੱਠਣ, ਹਵਾ ਦੀ ਗੁਣਵੱਤਾ ਸੁਧਾਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿਆ-ਭਰਿਆ ਅਤੇ ਸਿਹਤਮੰਦ ਭਵਿੱਖ ਯਕੀਨੀ ਬਣਾਉਣ ਲਈ ਰੁੱਖ ਲਗਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਹਰੇਕ ਵਿਅਕਤੀ ਨੂੰ ਘੱਟੋ-ਘੱਟ ਇੱਕ ਰੁੱਖ ਲਗਾ ਕੇ ਉਸਦੀ ਆਪਣੇ ਬੱਚੇ ਵਾਂਗ ਦੇਖਭਾਲ ਕਰਨ ਦੀ ਅਪੀਲ ਕੀਤੀ।

ਡੀ.ਸੀ. ਨੇ GGIO ਦੇ ਅਧਿਕਾਰੀਆਂ ਅਤੇ ਵਲੰਟੀਅਰਾਂ ਨਾਲ "17ਵੇਂ ਅੰਤਰਾਸ਼ਟਰੀ ਮਾਈ ਟ੍ਰੀ ਡੇ" ਦਾ ਅਧਿਕਾਰਤ ਬੈਨਰ ਵੀ ਜਾਰੀ ਕੀਤਾ। ਉਨ੍ਹਾਂ 26 ਜੁਲਾਈ ਨੂੰ ਪੂਰੇ ਜ਼ਿਲ੍ਹੇ ਵਿੱਚ ਹੋਣ ਵਾਲੇ ਪੌਦੇ ਲਗਾਉਣ ਅਤੇ ਜਾਗਰੂਕਤਾ ਮੁਹਿੰਮਾਂ ਲਈ ਪੂਰੇ ਪ੍ਰਸ਼ਾਸਨਿਕ ਸਹਿਯੋਗ ਦਾ ਭਰੋਸਾ ਦਿੱਤਾ।

ਮਾਣ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਇਸ ਦਿਨ ਦੀ ਸ਼ੁਰੂਆਤ 2010 ਵਿੱਚ ਜੁਲਾਈ ਦੇ ਆਖਰੀ ਐਤਵਾਰ ਨੂੰ ਇਸੇ ਜ਼ਿਲ੍ਹੇ ਤੋਂ ਹੋਈ ਸੀ ਅਤੇ ਅੱਜ ਇਹ ਇੱਕ ਗਲੋਬਲ ਮੁਹਿੰਮ ਬਣ ਚੁੱਕੀ ਹੈ। ਇਸ ਦਿਨ ਦੀ ਸਥਾਪਨਾ ਇੱਕ ਮਰਚੈਂਟ ਮੈਰੀਨਰ ਤੋਂ ਵਾਤਾਵਰਨ ਪ੍ਰੇਮੀ ਬਣੇ ਅਸ਼ਵਨੀ ਜੋਸ਼ੀ ਵੱਲੋਂ ਕੀਤੀ ਗਈ ਸੀ, ਤਾਂ ਜੋ ਹਰੇਕ ਵਿਅਕਤੀ ਨੂੰ ਰੁੱਖਾਂ ਨਾਲ ਵਿਲੱਖਣ ਤਰੀਕੇ ਨਾਲ ਜੋੜਿਆ ਜਾ ਸਕੇ। ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਦੇ ਮੈਂਬਰ ਅਸ਼ਵਨੀ ਜੋਸ਼ੀ, ਮਨਮੋਹਨ ਗੁਲਾਟੀ, ਬਹਾਦਰ ਚੰਦ ਅਰੋੜਾ, ਪਰਵਿੰਦਰ ਬੱਤਰਾ_ ਅਤੇ ਹੋਰਨਾਂ ਨੇ ਡੀ.ਸੀ. ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ "ਮਾਈ ਟ੍ਰੀ ਡੇ" ਦਾ ਉਦੇਸ਼ ਹਰੇਕ ਵਿਅਕਤੀ ਨੂੰ ਇੱਕ ਰੁੱਖ ਗੋਦ ਲੈਣ ਅਤੇ ਵਾਤਾਵਰਨ ਦੀ ਰੱਖਿਆ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਪ੍ਰਸ਼ਾਸਨ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆ ਕੇ ਇਸ ਗਲੋਬਲ ਹਰਿਆਲੀ ਮੁਹਿੰਮ ਨੂੰ ਵੱਡੀ ਸਫਲਤਾ ਬਣਾਉਣ।

# ਉਦਯੋਗਪਤੀ ਅਮਿਤ ਗੋਇਲ ਨੇ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਦਾ ਕੀਤਾ ਦੌਰਾ

## ਖਾਸ ਬੱਚਿਆਂ ਲਈ ਕੀਤੇ ਜਾ ਰਹੇ ਕੰਮਾਂ ਦੀ ਕੀਤੀ ਸ਼ਲਾਘਾ

**ਹੁਸ਼ਿਆਰਪੁਰ 22 ਜੁਲਾਈ (ਤਰਸੇਮ ਦੀਵਾਨਾ)** – ਸਮਾਜ ਸੇਵਾ ਦੇ ਖੇਤਰ ਵਿੱਚ ਲਗਾਤਾਰ ਯੋਗਦਾਨ ਪਾ ਰਹੇ ਉਦਯੋਗਪਤੀ ਅਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਕਾਰਜਕਾਰਨੀ ਮੈਂਬਰ ਅਮਿਤ ਗੋਇਲ ਨੇ ਜਹਾਂਖੇਲਾਂ ਸਥਿਤ ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਕੂਲ ਵਿੱਚ ਵਿਸ਼ੇਸ਼ ਬੱਚਿਆਂ ਲਈ ਉਪਲਬਧ ਕਰਵਾਈ ਜਾ ਰਹੀਆਂ ਆਧੁਨਿਕ ਸਹੂਲਤਾਂ, ਇਲਾਜ ਸੇਵਾਵਾਂ ਅਤੇ ਸਿੱਖਿਆ ਪ੍ਰਣਾਲੀ ਦਾ ਜਾਇਜ਼ਾ ਲਿਆ ਅਤੇ ਸਕੂਲ ਪ੍ਰਬੰਧਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਅਮਿਤ ਗੋਇਲ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਵੇਹਾਂਤ ਟੈਕਨਾਲੋਜੀ ਨੋਇਡਾ ਪਿਛਲੇ ਦੋ ਸਾਲਾਂ ਤੋਂ ਆਪਣੀ ਕਾਰਪੋਰੇਟ ਸਮਾਜਿਕ ਉੱਤਰਦਾਇਤਵ ਯੋਜਨਾ ਅਧੀਨ ਸਕੂਲ ਨੂੰ ਫਿਜ਼ੀਓਥੈਰੇਪੀ ਉਪਕਰਨ ਮੁਹੱਈਆ ਕਰਵਾ ਰਹੀ ਹੈ। ਇਨ੍ਹਾਂ ਉਪਕਰਨਾਂ ਨਾਲ ਸੇਰੇਬ੍ਰਲ ਪਾਲਸੀ, ਆਟਿਜ਼ਮ ਅਤੇ ਬਹੁ-ਦਿਵਿਆਂਗ ਬੱਚਿਆਂ ਦੇ ਸਰੀਰਕ ਵਿਕਾਸ ਅਤੇ ਪੁਨਰਵਾਸ ਵਿੱਚ ਮਹੱਤਵਪੂਰਨ ਸਕਾਰਾਤਮਕ ਨਤੀਜੇ ਦੇਖਣ ਨੂੰ ਮਿਲੇ ਹਨ। ਉਨ੍ਹਾਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ, ਪਰ ਇਸ ਵਾਰ ਦੇ ਦੌਰੇ ਦੌਰਾਨ ਸਕੂਲ ਵਿੱਚ ਹੋਏ ਵਿਆਪਕ ਵਿਕਾਸ, ਆਧੁਨਿਕ ਸਹੂਲਤਾਂ ਅਤੇ ਬੱਚਿਆਂ ਵਿੱਚ ਆਏ ਸਕਾਰਾਤਮਕ ਬਦਲਾਅ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ। ਉਨ੍ਹਾਂ ਨੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਸਮਰਪਿਤ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਸੁਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਸਕੂਲ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ




ਵਿਸ਼ੇਸ਼ ਬੱਚਿਆਂ ਨਾਲ ਅਮਿਤ ਗੋਇਲ ਅਤੇ ਹੋਰ।ਫੋਟੋ ਅਜਮੇਰ ਦੀਵਾਨਾ

ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਮੇਂ ਸਕੂਲ ਵਿੱਚ 110 ਵਿਸ਼ੇਸ਼ ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਹਨ। ਬੱਚਿਆਂ ਦਾ ਵਰਗੀਕਰਨ ਉਨ੍ਹਾਂ ਦੀ ਮਾਨਸਿਕ ਉਮਰ ਅਤੇ ਲੋੜਾਂ ਅਨੁਸਾਰ ਕੀਤਾ ਗਿਆ ਹੈ, ਹਰੇਕ ਜਮਾਤ ਵਿੱਚ ਇੱਕ ਵਿਸ਼ੇਸ਼ ਅਧਿਆਪਕ, ਇੱਕ ਸਹਾਇਕ ਕਰਮਚਾਰੀ ਅਤੇ ਲਗਭਗ ਅੱਠ ਵਿਸ਼ੇਸ਼ ਬੱਚਿਆਂ ਦੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਹਰੇਕ ਬੱਚੇ ਨੂੰ ਵਿਅਕਤੀਗਤ ਧਿਆਨ ਅਤੇ ਗੁਣਵੱਤਾਪੂਰਨ ਸਿਖਲਾਈ ਮਿਲ ਸਕੇ। ਉਨ੍ਹਾਂ ਦੱਸਿਆ ਕਿ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਵਿੱਚ ਸਪੀਚ ਥੈਰੇਪੀ, ਫਿਜ਼ੀਓਥੈਰੇਪੀ, ਸੈਂਸਰੀ ਥੈਰੇਪੀ, ਯੋਗਾ, ਖੇਡਾਂ, ਕਲਾ ਅਤੇ ਸ਼ਿਲਪ, ਸੱਭਿਆਚਾਰਕ ਗਤੀਵਿਧੀਆਂ, ਵੋਕੇਸ਼ਨਲ ਟ੍ਰੇਨਿੰਗ ਅਤੇ ਰੀਹੈਬਿਲੀਟੇਸ਼ਨ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਨ੍ਹਾਂ ਸੇਵਾਵਾਂ ਰਾਹੀਂ ਬੱਚਿਆਂ ਨੂੰ ਆਤਮ-ਨਿਰਭਰ ਬਣਾਉਣ ਅਤੇ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ। ਸਕੂਲ ਦਾ ਨਿਰੀਖਣ ਕਰਨ ਤੋਂ ਬਾਅਦ ਅਮਿਤ ਗੋਇਲ ਨੇ ਵਿਸ਼ੇਸ਼ ਬੱਚਿਆਂ ਦੀ ਪ੍ਰਤਿਭਾ, ਆਤਮ-ਵਿਸ਼ਵਾਸ ਅਤੇ ਵਿਕਾਸ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਪਿਆਰ ਅਤੇ ਅਸ਼ੀਰਵਾਦ ਦਿੱਤਾ। ਉਨ੍ਹਾਂ ਨੇ ਭਵਿੱਖ ਵਿੱਚ ਸਕੂਲ ਲਈ ਸਹਾਇਤਾ ਵਧਾਉਣ ਦਾ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਕੂਲ ਪ੍ਰਬੰਧਨ ਨੂੰ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਪ੍ਰਸਤਾਵ ਤਿਆਰ ਕਰਨ ਦੀ ਅਪੀਲ ਕੀਤੀ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵੱਧ ਤੋਂ ਵੱਧ ਸਹਿਯੋਗ ਮੁਹੱਈਆ ਕਰਵਾਇਆ ਜਾ ਸਕੇ। ਇਸ ਮੌਕੇ ਸੁਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ, ਸ਼੍ਰੀਮਤੀ ਮਧੂਮੀਤ ਕੌਰ, ਰਾਮ ਆਸਰਾ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਸਕੂਲ ਦਾ ਸਟਾਫ ਅਤੇ ਵਿਸ਼ੇਸ਼ ਬੱਚੇ ਮੌਜੂਦ ਸਨ।

# ਨੀਟ ਪੇਪਰ ਲੀਕ ਹੋਣ 'ਤੇ ਅੰਦੋਲਨ ਕਰ ਰਹੇ ਦਿੱਲੀ ਵਿੱਚ ਵਿਦਿਆਰਥੀਆਂ 'ਤੇ ਹੋਏ ਤਸ਼ੱਦਦ ਖ਼ਿਲਾਫ਼ ਹਲਕਾ ਦੱਖਣੀ ਦੇ ਕਾਂਗਰਸੀ ਵਰਕਰ ਬਾਵਾ ਦੀ ਅਗਵਾਈ ਵਿੱਚ ਸੜਕਾਂ 'ਤੇ ਉਤਰੇ- ਹੱਥਾਂ ਵਿੱਚ ਫੜੇ ਸਲੋਗਨ

## ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵੱਲੋਂ ਅੰਦੋਲਨਕਾਰੀਆਂ ਨਾਲ ਖੜ ਕੇ ਗ੍ਰਿਫਤਾਰੀ ਦੇਣਾ ਭਾਰਤ ਦੇ ਸੱਚੇ ਸਪੂਤ ਹੋਣ ਦਾ ਪ੍ਰਮਾਣ- ਬਾਵਾ

**ਲੁਧਿਆਣਾ 22 ਜੁਲਾਈ (ਕਰਨੈਲ ਸਿੰਘ ਐੱਮ.ਏ.)- ਦਿੱ**ਲੀ ਵਿੱਚ ਨੌਜਵਾਨ ਵਿਦਿਆਰਥੀਆਂ 'ਤੇ ਅੰਨ੍ਹੇਵਾਹ ਤਸ਼ੱਦਦ ਦੀਆਂ ਤਸਵੀਰਾਂ ਨੇ ਹਰ ਮਨੁੱਖ ਦਾ ਦਿਲ ਦਹਿਲਾ ਦਿੱਤਾ ਪਰ ਭਾਜਪਾ ਦੀ ਕੇਂਦਰ ਸਰਕਾਰ ਨੇ ਅੱਤਿਆਚਾਰ ਦੀਆਂ ਸਭ ਹੱਦਾਂ ਬੰਨ੍ਹੇ ਟੱਪੇ। ਇਹ ਸ਼ਬਦ ਅੱਜ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਏ.ਆਈ.ਸੀ.ਸੀ. (ਓ.ਬੀ.ਸੀ.) ਇੰਚਾਰਜ ਹਿਮਾ-ਚਲ ਪ੍ਰਦੇਸ਼ ਨੇ ਦਿੱਲੀ ਤਸ਼ੱਦਦ ਖ਼ਿਲਾਫ਼ ਹਲਕਾ ਦੱਖਣੀ ਵਿੱਚ ਸੜਕਾਂ 'ਤੇ ਵਿਰੋਧ ਜਿਤਾਉਂਦੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਮੀਡੀਆ ਸਾਹਮਣੇ ਕਹੇ ਜਦੋਂ ਉਹਨਾਂ ਦੇ ਹੱਥਾਂ ਵਿੱਚ ਤਸ਼ੱਦਦ ਦੀਆਂ ਤਸਵੀਰਾਂ ਦੇ ਪੋਸਟਰ ਪਕੜੇ ਹੋਏ ਸਨ। ਸ਼੍ਰੀ ਬਾਵਾ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵੱਲੋਂ ਸੜਕਾਂ 'ਤੇ ਉੱਤਰ ਕੇ ਸ਼ਾਂਤਮਈ ਅੰਦੋਲਨ ਕਰ ਰਹੇ ਵਿਦਿਆਰਥੀਆਂ ਨਾਲ ਖੜ ਕੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਨੌਜਵਾਨ ਬੱਚਿਆਂ ਦੀਆਂ ਮੰਗਾਂ ਨੂੰ ਪੂਰਨ ਸਮਰਥਨ ਦੇ ਕੇ ਭਾਜਪਾ ਦੀ ਅੰਨ੍ਹੀ ਬੋਲੀ ਕਠੋਰ ਦਿਲ ਸਰਕਾਰ ਖ਼ਿਲਾਫ਼ ਸਖਤ ਸਟੈਂਡ ਲਿਆ। ਉਹਨਾਂ ਕਿਹਾ ਕਿ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਸਟੂਡੈਂਟ ਬੇਟੇ ਅਤੇ ਬੇਟੀਆਂ 'ਤੇ ਦਿੱਲੀ ਪੁਲਸ ਵੱਲੋਂ ਕੀਤੇ ਤਸ਼ੱਦਦ ਨੇ ਹਰ ਇਨਸਾਨ ਦੀ ਅੱਖ ਵਿੱਚ ਅੱਥਰੂ ਲਿਆ





ਦਿੱਤੇ। ਆਖਿਰ ਉਹ ਕੀ ਕਹਿ ਰਹੇ ਸਨ..? ਸਿਰਫ਼ ਇਨਸਾਫ਼ ਹੀ ਤਾਂ ਮੰਗ ਰਹੇ ਸਨ। ਸਿੱਖਿਆ ਮੰਤਰੀ ਦਾ ਅਸਤੀਫਾ ਨੀਟ ਪੇਪਰ ਲੀਕ ਦੇ ਮੁੱਦੇ 'ਤੇ ਮੰਗ ਰਹੇ ਸਨ ਪਰ ਸਰਕਾਰ ਅੰਦਰ ਜਨਰਲ ਡਾਇਰ ਦੀ ਰੂਹ ਪ੍ਰਵੇਸ਼ ਕਰਨਾ, ਆਪਣੇ ਹੀ ਬੱਚਿਆਂ 'ਤੇ ਲਾਠੀਆਂ ਚਲਾਉਣਾ, ਅੱਥਰੂ ਗੈਸ ਦੇ ਗੋਲੇ ਛੱਡਣਾ, ਨੰਨ੍ਹੀਆਂ ਬੇਟੀਆਂ 'ਤੇ ਪੁਲਿਸ ਕਰਮੀਆਂ ਦੇ ਡੰਡੇ ਚਲਾਉਣ 'ਤੇ ਹਰ ਔਲਾਦ ਵਾਲਾ ਇਨਸਾਨ ਰਹਿਮ ਕਰੇਗਾ ਪਰ ਸਾਡਾ ਹਾਕਮ ਬਿਨਾਂ ਔਲਾਦ ਵਾਲਾ ਹੈ। ਸ਼ਾਇਦ ਇਸ ਲਈ ਹੀ ਤਸ਼ੱਦਦ ਕਰਵਾ ਰਿਹਾ ਹੈ।

ਉਹਨਾਂ ਕਿਹਾ ਕਿ ਗੁਰਦੁਆਰਾ ਬੰਗਲਾ ਸਾਹਿਬ (ਦਿੱਲੀ) ਦੇ ਪ੍ਰਬੰਧਕਾਂ ਵੱਲੋਂ ਨੌਜਵਾਨ ਬੱਚੇ ਬੱਚੀਆਂ ਨੂੰ ਅੰਦਰ ਬੁਲਾ ਕੇ ਲੰਗਰ ਪਾਣੀ ਦੇ ਨਾਲ-ਨਾਲ ਦਵਾਈ ਅਤੇ ਠਹਿਰਨ ਲਈ ਢਾਰਸ ਦੇਣਾ ਸਰਾਹਨਾਯੋਗ ਹੈ। ਗੁਰੂ ਸਾਹਿਬਾਨ ਦੇ ਦਰਸਾਏ ਰਸਤੇ 'ਤੇ ਚੱਲਣਾ ਹੈ। ਇਸ ਸਮੇਂ ਵਰਿੰਦਰ ਭੱਲਾ, ਮਮਤਾ ਰਾਣੀ, ਗੁਰਨਾਮ ਸਿੰਘ ਕਲੇਰ, ਮਾ. ਹਰਦੇਵ ਬਾਵਾ, ਕਿਰਨ ਕਪੂਰ, ਅਮਰਜੀਤ ਕੌਰ, ਨਿਧੀ ਕਪੂਰ, ਵੀਨਾ ਰਾਣੀ, ਰੇਖਾ ਰਾਣੀ, ਲਲਿਤਾ ਦੇਵੀ, ਗੌਰੀ ਰਾਣੀ, ਮਨਦੀਪ ਸਿੰਘ, ਵੀਰਪਾਲ ਸਿੰਘ, ਮਨਜੀਤ ਕੌਰ ਸਰੋਏ, ਮਨਿੰਦਰ ਸਿੰਘ ਉਬੀ, ਗੌਰਵ ਸਰੋਏ, ਗਗਨਦੀਪ ਕੌਰ, ਰਾਜਵਿੰਦਰ ਕੌਰ, ਮਮਤਾ ਰਾਣੀ ਭੱਟੀ, ਹਰਸ਼ ਸ਼੍ਰੀਵਾਸਤਵ, ਨੰਦਨ ਤਿਵਾੜੀ, ਪਰਮਾਤਮਾ ਤਿਵਾੜੀ, ਅਮਨਦੀਪ ਸਿੰਘ, ਗਗਨਦੀਪ ਸਿੰਘ, ਸੁਖਵਿੰਦਰ ਜਗਦੇਵ, ਅਮਰਪਾਲ ਸਿੰਘ, ਪੀ.ਐਨ ਗੁਲਾਟੀ, ਹਰਜੀਤ ਸਿੰਘ, ਗੁਰਵਿੰਦਰ ਸਿੰਘ, ਦੀਪ ਗਿੱਲ, ਜਸਮੀਤ ਸਿੰਘ, ਮਨਦੀਪ ਸਿੰਘ, ਜਸਵੀਰ ਸਿੰਘ, ਜਤਿੰਦਰ ਵਰਮਾ, ਅਭੀਜੀਤ ਆਦਿ ਹਾਜ਼ਰ ਸਨ ।

# ਸ. ਸੰਤੋਖ ਸਿੰਘ ਜੀ ਨੂੰ ਵੱਖ-ਵੱਖ ਵਰਗ ਦੀਆਂ ਸ਼ਖਸੀਅਤਾਂ ਨੇ ਦਿੱਤੀਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ

## ਮੇਜਰ ਸਾਬ ਅਤੇ ਰਣਧੀਰ ਧੀਰਾ ਨੇ ਕੀਤਾ ਧਾਰਮਿਕ , ਰਾਜਨੀਤਿਕ, ਸਮਾਜਿਕ ਅਤੇ ਕਲਾਕਾਰ ਵਰਗ ਦਾ ਧੰਨਵਾਦ



**ਸਰੀ /ਵੈਨਕੂਵਰ ( ਕੁਲਦੀਪ ਚੁੰਬਰ)-** ਪ੍ਰਮੁੱਖ ਗਾਇਕ ਮੇਜਰ ਸਾਬ, ਪ੍ਰਮੋਟਰ ਰਣਧੀਰ ਸਿੰਘ ਧੀਰਾ ਦੇ ਸਤਿਕਾਰਯੋਗ ਪਿਤਾ ਸਰਦਾਰ ਸੰਤੋਖ ਸਿੰਘ ਜੀ ਜੋ ਬੀਤੀ 10 ਜੁਲਾਈ 2026 ਦਿਨ ਸ਼ੁੱਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ , ਦੀ ਆਤਮਿਕ ਸ਼ਾਂਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ , ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਅੱਜ ਗੁਰਦੁਆਰਾ ਸਿੰਘ ਨੀਲਾ ਤਾਰਾ ਸਾਹਿਬ, ਪਿੰਡ ਮਾਲੂਪੁਰ, ਤਹਿ. ਸ਼ਾਹਕੋਟ, ਜਿਲ੍ਹਾ ਜਲੰਧਰ ਵਿਖੇ ਹੋਇਆ। ਇਸ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਵਿੱਚ ਗਾਇਕਾਂ , ਸੱਭਿਆਚਾਰਕ, ਸਮਾਜਿਕ, ਧਾਰਮਿਕ ਸਮਾਜਿਕ ਅਤੇ ਰਾਜਨੀਤਕ ਖੇਤਰ ਦੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਪੰਜਾਬ ਸਰਕਾਰ, ਕੇਂਦਰ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ, ਰੇਡੀਓ, ਟੀਵੀ ਨਾਲ ਸਬੰਧਤ ਅਧਿਕਾਰੀਆਂ ਅਤੇ ਕਲਾਕਾਰਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਲਾਕ਼ਾ ਸ਼ਾਹਕੋਟ ਵਿਧਾਨ ਸਭਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਆਪ ਹਲਕਾ ਇੰਚਾਰਜ ਪਿੰਦਰ ਪੰਡੋਰੀ, ਸੀਨੀਅਰ ਆਪ ਆਗੂ ਰਣਜੀਤ ਕੌਰ ਕਾਕੜਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ਾਹਕੋਟ ਤੋਂ ਇੰਚਾਰਜ ਬਚਿੱਤਰ ਸਿੰਘ ਕੋਹਾੜ ਵੱਲੋਂ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਚੇਅਰਮੈਨ ਜਥੇਦਾਰ ਤੇਜਾ ਸਿੰਘ ਮਾਣਕਪੁਰ, ਗਾਇਕ ਪਾਲੀ ਦੇਤਵਾਲੀਆ, ਗਾਇਕ ਦਲਵਿੰਦਰ ਦਿਆਲਪੁਰੀ, ਗਾਇਕ ਬੂਟਾ ਮੁਹੰਮਦ, ਗਾਇਕਾ ਰਾਣੀ ਰਣਦੀਪ, ਗਾਇਕਾ ਪ੍ਰੀਤ ਬੋਪਾਰ-ਾਏ, ਗਾਇਕ ਸਰਬਜੀਤ ਸਹੋਤਾ, ਹਰਜੀਤ ਸਿੱਧੂ, ਚਰਨਜੀਤ ਚੰਨੀ, ਜੀ ਸ਼ਰਮੀਲਾ, ਮੋਨੂੰ ਸਿੰਘ, ਮਦਨ ਮੱਲੀ , ਐਂਕਰ ਬਲਦੇਵ ਰਾਹੀ, ਅਸ਼ੋਕ ਫ਼ਿਲੌਰੀਆ, ਕੋਮਲ ਸ਼ਰਮਾ, ਹੈਪੀ ਰੰਧਾਵਾ, ਕੁਲਦੀਪ ਲਹੌਰੀਆ,ਗਾਇਕਾ ਮਨੀ ਗਿੱਲ, ਕਮੇਡੀ ਕਿੰਗ ਭੋਟੂ ਸ਼ਾਹ, ਸੰਤਾ ਬੰਤਾ, ਗੀਤਕਾਰ ਮਦਨ ਜਲੰਧਰੀ, ਗਾਇਕ ਜੋੜੀ ਸੁੱਚਾ ਰੰਗੀਲਾ ਮਨਦੀਪ ਮੈਡੀ, ਗਾਇਕ ਸੁਰਿੰਦਰ ਲਾਡੀ, ਗਾਇਕ ਅਸ਼ੋਕ ਗਿਲ, ਗਾਇਕਾ ਪੂਜਾ ਦਿਵਿਆ, ਸਹੋਤਾ, ਗੀਤਕਾਰ ਸਾਬੀ ਰਜਾਪੁਰੀ, ਮਿੰਟਾ ਸਿੱਧੂ,ਦੀਪ ਹੇਰਾਂ,ਪੀ ਐਸ ਟੂਰਨਾ,ਗਾਇਕਾ ਹਰਨੀਲ ਅਖ਼ਤਰ, ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਹੋਈਆਂ। ਗੁਰਬਾਣੀ ਪਾਠ, ਕੀਰਤਨ ਉਪਰੰਤ ਸ਼ਰਧਾਂਜਲੀ ਸਮਾਗਮ ਵਿੱਚ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਰਦਾਰ ਸੰਤੋਖ ਸਿੰਘ ਜੀ ਦੇ ਜੀਵਨ ਸੰਘਰਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬੱਚਿਆਂ ਨੂੰ ਪਿਤਾ ਵਾਲਾ ਪਿਆਰ ਦੇਣ ਦੇ ਨਾਲ ਨਾਲ ਮਾਂ ਦੀ ਘਾਟ ਵੀ ਬੱਚਿਆਂ ਨੂੰ ਮਹਿਸੂਸ ਨਹੀਂ ਹੋਣ ਦਿੱਤੀ। ਮੇਜਰ ਸਾਬ, ਰਣਧੀਰ ਸਿੰਘ ਧੀਰਾ ਦੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਫੋਕ ਫਿਊਜ਼ਨ ਕੰਪਨੀ ਰਾਹੀਂ ਪੰਜਾਬ ਦੇ ਅਣਗਿਣਤ ਨੌਜਵਾਨਾਂ ਨੂੰ ਗਾਇਕੀ ਅਤੇ ਕਲਾ ਦੇ ਹੋਰ ਖੇਤਰਾਂ ਵਿਚ ਮਾਹਿਰ ਬਣਾ ਕੇ ਦੇਸ਼ ਵਿਦੇਸ਼ ਵਿੱਚ ਰੋਟੀ ਕਮਾਉਣ ਦੇ ਸਮਰੱਥ ਬਣਾਇਆ। ਸਮਾਗਮ ਦੇ ਅੰਤ ਵਿੱਚ ਮੇਜਰ ਸਿੰਘ (ਮੇਜਰ ਸਾਬ, ਰਣਧੀਰ ਸਿੰਘ ,ਗੁਰਮੁਖ ਸਿੰਘ ਗਿੱਲ ਸ਼ੀਤਲ ਸਿੰਘ ਅਤੇ ਸਮੂਹ ਧਾਲੀਵਾਲ ਪਰਿਵਾਰ ਵਲੋਂ ਕੌਮਾਂਤਰੀ ਗਾਇਕ ਦਲਵਿੰਦਰ ਦਿਆਲਪੁਰੀ ਨੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ।

# ਗੁਰਜੋਤ ਕੌਰ ਬੋਰਡ ਆਫ ਕੰਟਰੋਲ ਦੇ ਮੈਂਬਰ ਬਣੇ: ਢੋਸੀਵਾਲ

## ਵਿਕਾਸ ਮਿਸ਼ਨ ਵੱਲੋਂ ਵਧਾਈ

**ਸ੍ਰੀ ਮੁਕਤਸਰ ਸਾਹਿਬ (ਸ਼ਿਵਨਾਥ )** ਪਿਛਲੇ ਕਈ ਦਹਾਕਿਆਂ ਤੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਨ ਵਾਲੇ ਅਤੇ ਦੁਨੀਆ ਭਰ ਵਿੱਚ ਪੰਜਾਬੀ ਭਾਸ਼ਾ ਵਿੱਚ ਸਭ ਤੋਂ ਜ਼ਿਆਦਾ ਗਿਣਤੀ ਵਿੱਚ ਛਪਣ ਵਾਲੇ ਅਖ਼ਬਾਰ ‘ਅਜੀਤ’ ਦੇ ਮਾਲਕ ਡਾ. ਬਰਜਿੰਦਰ ਸਿੰਘ ਹਮਦਰਦ ਦੀ ਹੋਣਹਾਰ ਸਪੁੱਤਰੀ ਗੁਰ-ਜੋਤ ਕੌਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ‘ਬੋਰਡ ਆਫ਼ ਕੰਟਰੋਲ’ ਦੇ ਛੇਵੀਂ ਵਾਰ ਮੈਂਬਰ ਚੁਣੇ ਗਏ ਹਨ। ਜਿਕਰਯੋਗ ਹੈ ਕਿ ਯੂਨੀਵਰਸਿਟੀ ਦਾ ਇਹ ‘ਬੋਰਡ ਆਫ਼ ਕੰਟਰੋਲ’ ਯੂਨੀਵਰਸਿਟੀ ਦੇ ਪ੍ਰਬੰਧਕੀ ਅਤੇ ਵਿਦਿਅਕ ਫੈਸਲੇ ਕਰਨ ਵਾਲੀ ਬੇਹੱਦ ਮਹੱਤਵਪੂਰਨ ਬਾਡੀ ਹੁੰਦੀ ਹੈ। ਇਹੀ ਬਾਡੀ ਯੂਨੀਵਰਸਿਟੀ ਨੂੰ ਹੋਰ ਉਚਾਈਆਂ ਤੱਕ ਪਹੁੰਚਾਉਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਗੁਰਜੋਤ ਕੌਰ ਦੀ ਇਸ ਮਾਣਮੱਤੀ ਨਿਯੁਕਤੀ ’ਤੇ ਬੇਹੱਦ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ ਚੀਫ ਪੈਟਰਨ ਇੰਸ: ਜਗਸੀਰ ਸਿੰਘ,ਡਾ. ਸੁਰਿੰਦਰ ਗਿਰਧਰ ਤੇ ਪ੍ਰਦੀਪ ਧੂੜੀਆ (ਦੋਵੇਂ ਪੈਟਰਨ) ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਨਗਰ ਕੌਂਸਲ ਦੇ ਸਾਬਕਾ ਸੀਨੀਅਰ ਉਪ ਪ੍ਰਧਾਨ ਰਵਿੰਦਰ ਕਟਾਰੀਆ, ਕੌਂਸਲਰ ਰਾਮ ਸਿੰਘ ਪੱਪੀ,ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ ,ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਸਹਾਇਕ ਡਾਇਰੈਕਟਰ ਸਾਹਿਲ ਕੁਮਾਰ ਹੈਪੀ, ਸਲਾਹਕਾਰ, ਅਮਰ ਨਾਥ ਸੇਰਸੀਆ,ਚੰਦ ਸਿੰਘ ਲੱਧੂਵਾਲਾ,ਪ੍ਰਿੰ. ਕੁਲਵੰਤ ਸ਼ਰਮਾ, ਗੁਰਪਾਲ ਸਿੰਘ ਪਾਲੀ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ,ਸਹਾਇਕ ਸਕੱਤਰ ਗੁਰਪਾਲ ਪਾਲੀ,ਮਿਸ਼ਨ ਪ੍ਰਸ਼ਾਸਨ ਕੋਆਰਡੀਨੇਟਰ ਰਾਜਿੰਦਰ ਖੁਰਾਣਾ, ਬਲਜੀਤ ਸਿੰਘ ਅਰੋੜਾ, ਪ੍ਰਸ਼ੋਤਮ ਗਿਰਧਰ ਆਰ.ਏ., ਪ੍ਰਾਜੈਕਟ ਇੰਚਾਰਜ,ਮੈਡਮ ਸੇਖੂਨਮ ਖਾਨ, ਅੰਤਰਰਾਸ਼ਟਰੀ ਗੋਲਡ ਮੈਡਲਿਸਟ ਮਿਸ ਨੇਹਾ ਖਾਨ, ਬਲਜੀਤ ਸਿੰਘ ਬਰਾੜ, ਸੁਖਬੰਸ ਸਿੰਘ ਚਹਿਲ, ਡਾ. ਸਤੀਸ਼ ਗਲਹੋਤਰਾ, ਨਰਿੰਦਰ ਕਾਕਾ ਫੋਟੋ ਗ੍ਰਾਫਰ ਅਤੇ ਕੇ.ਐੱਲ. ਮਹਿੰਦਰਾ ਸਮੇਤ ਸਮੂਹ



ਅਹੁਦੇਦਾਰਾਂ ਅਤੇ ਮੈਂਬਰਾਂ ਨੇ ਗੁਰਜੋਤ ਕੌਰ ਜੀ ਨੂੰ ਵਧਾਈ ਦਿੱਤੀ ਹੈ। ਇਸੇ ਤਰ੍ਹਾਂ ਡਾ. ਸੁਰਜੀਤ ਪਾਤਰ ਮੈਮੋਰੀਅਲ ਸਭਿਆਚਾਰਕ ਮੰਚ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀ ਗੁਰਜੋਤ ਕੌਰ ਨੂੰ ‘ਬੋਰਡ ਆਫ਼ ਕੰਟਰੋਲ’ ਦਾ ਮੈਂਬਰ ਚੁਣੇ ਜਾਣ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਵਧਾਈ ਦਿੱਤੀ ਹੈ। ਦੱਸਣਯੋਗ ਹੈ ਕਿ ਗੁਰਜੋਤ ਕੌਰ ਮੌਜੂਦਾ ਸਮੇਂ ਵਿੱਚ ਅਦਾਰਾ ਅਜੀਤ ਦੇ ਸੀਨੀਅਰ ਐਗਜੀਕਿਊਟਿਵ ਹਨ ਅਤੇ ਨਾਰੀ ਨਿਕੇਤਨ ਜਲੰਧਰ ਦੇ ਜਨਰਲ ਸਕੱਤਰ ਸਮੇਤ ਕਈ ਹੋਰ ਮਾਣਮੱਤੀ ਸੰਸਥਾਵਾਂ ਨਾਲ ਜੁੜੇ ਹਨ। ਮਿਸ਼ਨ ਮੁਖੀ ਸ੍ਰੀ ਢੋਸੀਵਾਲ ਨੇ ਅੱਜ ਇਥੇ ਜਾਣਕਾਰੀ ਦਿੱਤੀ ਹੈ ਕਿ ਜਲਦੀ ਹੀ ਉਨ੍ਹਾਂ ਦੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਗੁਰਜੀਤ ਕੌਰ ਜੀ ਨੂੰ ਮਿਲ ਕੇ ਵਧਾਈ ਦਿੱਤੀ ਜਾਵੇਗੀ।

# ਸੁਨੀਲ ਮੌਦਗਿਲ ਲੁਧਿਆਣਾ ਵਿੱਚ ਨਾਰਾਜ਼ ਅਤੇ ਰੁੱਸੇ ਹੋਏ ਵਰਕਰਾਂ ਦੀ ਘਰ ਵਾਪਸੀ ਕਰਵਾ ਰਚਨਗੇ ਨਵਾਂ ਇਤਿਹਾਸ : ਅਨਿਲ ਮਿੱਤਲ

**ਲੁਧਿਆਣਾ 22 ਜੁਲਾਈ (ਕਰਨੈਲ ਸਿੰਘ ਐੱਮ. ਏ.)** ਸੁਨੀਲ ਮੌਦਗਿਲ ਦੇ ਜ਼ਿਲ੍ਹਾ ਭਾਜਪਾ ਪ੍ਰਧਾਨ ਬਣਨ ਨਾਲ, ਭਾਜਪਾ ਲੁਧਿਆਣਾ ਵਿੱਚ ਸੰਗਠਨਾਤਮਕ ਤੌਰ 'ਤੇ ਹੋਰ ਵੀ ਮਜ਼ਬੂਤ ਹੋਵੇਗੀ। ਕਿਉਂਕਿ ਉਹ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ, ਇਸ ਲਈ ਉਹ ਪਾਰਟੀ ਦੀ ਵਿਚਾਰਧਾਰਾ ਅਤੇ ਨੀਤੀਆਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਹ ਸ਼ਬਦ ਭਾਜਪਾ ਨੇਤਾ ਅਨਿਲ ਮਿੱਤਲ ਨੇ ਜ਼ਿਲ੍ਹਾ ਭਾਜਪਾ ਪ੍ਰਧਾਨ ਵਜੋਂ ਨਿਯੁਕਤੀ 'ਤੇ ਸੁਨੀਲ ਮੌਦਗਿਲ ਦਾ ਸਨਮਾਨ



ਕਰਦੇ ਹੋਏ ਕਹੇ। ਮਿੱਤਲ ਨੇ ਅੱਗੇ ਕਿਹਾ ਕਿ ਸੁਨੀਲ ਮੌਦਗਿਲ ਦੀ ਜ਼ਿਲ੍ਹਾ ਭਾਜਪਾ ਪ੍ਰਧਾਨ ਵਜੋਂ ਨਿਯੁਕਤੀ ਤੋਂ ਬਾਅਦ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਮਿੱਤਲ ਨੇ ਅੱਗੇ ਕਿਹਾ ਕਿ ਸੁਨੀਲ ਮੌਦਗਿਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਨਾਰਾਜ਼ ਅਤੇ ਰੁੱਸੇ ਹੋਏ ਵਰਕਰ ਦੀ ਘਰ ਵਾਪਸੀ ਕਰਵਾ ਭਾਜਪਾ ਦੀ ਅਜਿਹੀ ਟੀਮ ਬਣਾਉਣਗੇ ਜੋ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜ਼ੋਰਦਾਰ ਢੰਗ ਨਾਲ ਕੰਮ ਕਰੇਗੀ, ਜਿਸ ਨਾਲ ਲੁਧਿਆਣਾ ਭਾਜਪਾ ਜਿੱਤ ਦਾ ਨਵਾਂ ਇਤਿਹ-ਾਸ ਰਚੇਗੀ। ਇਸ ਮੌਕੇ ਸੁਮੀਤ ਟੰਡਨ, ਅੰਗੁਲ ਮਾਥੁਰ ਆਦਿ ਮੌਜੂਦ ਸਨ।

# ਇੰਗਲੈਂਡ 'ਚ ਬੱਸ ਯਾਤਰੀਆਂ ਨੂੰ ਵੱਡੀ ਰਾਹਤ, ਜਨਵਰੀ 2027 ਤੋਂ ਇਕ ਪਾਸੇ ਦਾ ਕਿਰਾਇਆ ਸਿਰਫ਼ £2

## ਮਹਿੰਗਾਈ ਤੋਂ ਰਹਤ ਦੇਣ ਲਈ ਬਰਨਹਮ ਸਰਕਾਰ ਦਾ ਵੱਡਾ ਫ਼ੈਸਲਾ, ਯੋਜਨਾ 'ਤੇ £500 ਮਿਲੀਅਨ ਤੋਂ ਵੱਧ ਹੋਵੇਗਾ ਖ਼ਰਚ

**ਲੈਸਟਰ (ਇੰਗਲੈਂਡ), 22 ਜੁਲਾਈ (ਸੁਖਜਿੰਦਰ ਸਿੰਘ ਢੱਡੇ)**-: ਇੰਗਲੈਂਡ ਵਿੱਚ ਵਧ ਰਹੀ ਮਹਿੰਗਾਈ ਅਤੇ ਜੀਵਨ-ਯਾਪਨ ਦੀ ਲਾਗਤ ਤੋਂ ਪ੍ਰੇਸ਼ਾਨ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਸਰਕਾਰ ਨੇ ਜਨਵਰੀ 2027 ਤੋਂ ਲੰਡਨ ਤੋਂ ਬਾਹਰ ਬੱਸ ਦੇ ਇਕ ਪਾਸੇ ਦੇ ਕਿਰਾਏ ਨੂੰ ਵੱਧ ਤੋਂ ਵੱਧ £2 ਤੱਕ ਸੀਮਤ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਯੋਜਨਾ ਪੂਰੇ ਸਾਲ 2027 ਦੌਰਾਨ ਲਾਗੂ ਰਹੇਗੀ ਅਤੇ ਇਸ ਨਾਲ ਲੱਖਾਂ ਯਾਤਰੀਆਂ ਨੂੰ ਸਿੱਧਾ ਆਰਥਿਕ ਲਾਭ ਮਿਲੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਮਹਿੰਗੇ ਕਿਰਾਏ ਕਾਰਨ ਜਨਤਕ ਆਵਾਜਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀ ਜੀਵਨ-ਯਾਪਨ ਦੀ ਲਾਗਤ ਘਟਾਉਣਾ ਹੈ ਅਤੇ ਇਹ ਯੋਜਨਾ ਉਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਲਈ ਲੋੜੀਂਦਾ ਫੰਡ ਸਰਕਾਰੀ ਖ਼ਰਚਿਆਂ ਨੂੰ ਮੁੜ ਤਰਜੀਹ ਦੇ ਕੇ ਇਕੱਠਾ ਕੀਤਾ ਜਾਵੇਗਾ ਅਤੇ ਲੋਕਾਂ 'ਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ। ਸਰਕਾਰੀ ਅਨੁਮਾਨ ਅਨੁਸਾਰ ਇਸ ਯੋਜਨਾ 'ਤੇ £500 ਮਿਲੀਅਨ ਤੋਂ ਵੱਧ ਦੀ ਲਾਗਤ ਆਵੇਗੀ, ਜਿਸ ਵਿੱਚੋਂ £454 ਮਿਲੀਅਨ ਊਰਜਾ ਸੁਰੱਖਿਆ ਅਤੇ ਨੈੱਟ ਜ਼ੀਰੋ ਵਿਭਾਗ ਦੇ ਫੰਡਾਂ ਦੀ ਮੁੜ ਵੰਡ ਰਾਹੀਂ ਮੁਹੱਈਆ ਕਰਵਾਏ ਜਾਣਗੇ। ਚਾਂਸਲਰ ਜੌਨ ਹੀਲੀ ਨੇ ਕਿਹਾ ਕਿ ਇਸ ਫੈਸਲੇ ਨਾਲ ਲੱਖਾਂ ਲੋਕਾਂ ਦੇ ਬੱਸ ਕਿਰਾਏ ਵਿੱਚ ਕਰੀਬ ਇੱਕ ਤਿਹਾਈ ਤੱਕ ਕਮੀ ਆਵੇਗੀ ਅਤੇ ਇਸ ਦਾ ਸਾਰਾ ਖ਼ਰਚ ਸਰਕਾਰ ਵੱਲੋਂ ਹੋਰ ਮੱਦਾਂ ਵਿੱਚ ਬਚਤ ਕਰਕੇ ਪੂਰਾ ਕੀਤਾ ਜਾਵੇਗਾ।

ਟਰਾਂਸਪੋਰਟ ਸਕੱਤਰ ਹਾਈਡੀ ਅਲੈਗਜ਼ੈਂਡਰ ਨੇ ਕਿਹਾ ਕਿ ਸਰਕਾਰ ਯੋਜਨਾ ਲਈ ਲੋੜੀਂਦੇ ਫੰਡਾਂ ਨੂੰ ਲੈ ਕੇ ਪੂਰੀ ਤਰ੍ਹਾਂ ਆਸ਼ਵਸਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਕਦਮ ਆਵਾਜਾਈ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ, ਪਰ ਲੋਕਾਂ ਨੂੰ ਤੁਰੰਤ ਰਾਹਤ ਦੇਣ ਲਈ ਇਹ ਇੱਕ ਪ੍ਰਭਾਵਸ਼ਾਲੀ ਸ਼ੁਰੂਆਤ ਹੈ। ਇਸ ਐਲਾਨ ਦਾ ਆਮ ਲੋਕਾਂ ਵੱਲੋਂ ਵੀ ਸਵਾਗਤ ਕੀਤਾ ਗਿਆ ਹੈ। ਕਈ ਰੋਜ਼ਾਨਾ ਬੱਸ ਯਾਤਰੀਆਂ ਨੇ ਕਿਹਾ ਕਿ £2 ਕਿਰਾਇਆ ਸੀਮਾ ਨਾਲ ਉਨ੍ਹਾਂ ਦੇ ਮਹੀਨਾਵਾਰ ਖ਼ਰਚ ਵਿੱਚ ਕਾਫ਼ੀ ਕਮੀ ਆਵੇਗੀ। ਹਾਲਾਂਕਿ ਕੁਝ ਪੇਂਡੂ ਖੇਤਰਾਂ ਦੇ ਲੋਕਾਂ ਨੇ ਕਿਹਾ ਕਿ ਜਿੱਥੇ ਬੱਸ ਸੇਵਾਵਾਂ ਸੀਮਤ ਹਨ, ਉੱਥੇ ਸਿਰਫ਼ ਕਿਰਾਇਆ ਘਟਾਉਣ ਨਾਲ ਵੱਡਾ ਫ਼ਰਕ ਨਹੀਂ ਪਵੇਗਾ ਅਤੇ ਸਰਕਾਰ ਨੂੰ ਬੱਸ ਸੇਵਾਵਾਂ ਦਾ ਵਿਸਥਾਰ ਵੀ ਕਰਨਾ ਚਾਹੀਦਾ ਹੈ। ਗੌਰਤਲਬ ਹੈ ਕਿ ਇਹ £2 ਕਿਰਾਇਆ ਸੀਮਾ ਲੰਡਨ ਤੋਂ ਇਲਾਵਾ ਪੂਰੇ ਇੰਗਲੈਂਡ ਵਿੱਚ ਲਾਗੂ ਹੋਵੇਗੀ, ਜਦਕਿ ਲੰਡਨ ਵਿੱਚ ਪਹਿਲਾਂ ਹੀ ਟਰਾਂਸਪੋਰਟ ਫਾਰ ਲੰਡਨ ਅਧੀਨ ਬੱਸ ਦਾ ਇਕ ਪਾਸੇ ਦਾ ਕਿਰਾਇਆ £1.75 ਨਿਰਧਾਰਤ ਹੈ। ਸਰਕਾਰ ਦਾ ਮੰਨਣਾ ਹੈ ਕਿ ਨਵੀਂ ਯੋਜਨਾ ਨਾਲ ਲੋਕਾਂ ਨੂੰ ਜਨਤਕ ਆਵਾਜਾਈ ਵੱਲ ਉਤਸ਼ਾਹ ਮਿਲੇਗਾ ਅਤੇ ਮਹਿੰਗਾਈ ਦੇ ਦੌਰ ਵਿੱਚ ਉਨ੍ਹਾਂ ਦੀ ਆਰਥਿਕ ਬਚਤ ਵੀ ਹੋਵੇਗੀ।

# ਰੁਲਦੂ ਨੇ ਕਿਹਾ ਮੰਗੇਤਰ ਨੂੰ

ਭੁੱਲ ਜਾਵੇਂਗੀ ਸਾਡੇ ਪਿੰਡ ਆ ਕੇ
ਤੂੰ ਧੂਰੀ ਸ਼ਹਿਰ ਕੁੜੇ ।
ਸਾਡੇ ਖੇਤੀਂ ਵੱਸਦੀ ਹੈ ਕੁਦਰਤ ,
ਤੇ ਸ਼ਹਿਰਾਂ ਵਿੱਚ ਕਹਿਰ ਕੁੜੇ ।
ਬਣਿਐਂ ਲਾਇਲਪੁਰੀ ਨਕਸ਼ੇ 'ਤੇ ,
ਪੂਰਾ ਖੁੱਲ੍ਹਾ ਡੁੱਲ੍ਹਾ ਏ ;
ਸੈਰ ਕਰਨ ਲਈ ਕੋਲੋਂ ਲੰਘਦੀ
ਹੈ ਇੱਕ ਨਹਿਰ ਕੁੜੇ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜ਼ਿਲ੍ਹਾ ਸੰਗਰੂਰ ।**
9914836037

## ਕਵਿਤਾ

ਕਿਸੇ ਦਾ ਹਾਲ ਚਾਲ ਪੁੱਛ ਲੈ
ਆਪਣਾ ਹਾਲ ਚਾਲ ਦੱਸਦੇ,
ਤੇਰਾ ਫਾਇਦਾ ਹੋ ਜਾਊ....
ਵਿੱਚ ਬੁਢਾਪੇ ਬੱਚੇ ਕੋਲ ਨਹੀਂ,
ਗੱਲਬਾਤ ਕਿਸੇ ਨਾਲ ਕਰ ਲੈ,
ਤੇਰਾ ਫਾਇਦਾ ਹੋ ਜਾਊ....
ਉੱਠ ਸਵੇਰੇ ਰੱਬ ਨੂੰ ਯਾਦ ਕਰ ਲੈ,
ਅੱਜ ਦੇ ਦਿਨ ਲਈ ਧੰਨਵਾਦ ਕਰਦੇ,
ਤੇਰਾ ਫਾਇਦਾ ਹੋ ਜਾਊ...
ਕੱਲ ਸੁੱਖ ਨਾਲ ਬੀਤਿਆ ਸ਼ੁਕਰਾਨਾ ਕਰਦੇ,
ਸ਼ਿਕਵੇ ਨੂੰ ਦਿਲੋਂ ਭੁਲਾ ਦੇ।
ਤੇਰਾ ਫਾਇਦਾ ਹੋ ਜਾਊ......
ਅਸੂਲਾਂ ਵਾਲੀ ਜਿੰਦਗੀ ਬਣਾ ਲੈ,
ਕੁਦਰਤਿ ਨਾਲ ਪਿਆਰ ਵਦਾ ਲੈ,
ਤੇਰਾ ਫਾਇਦਾ ਹੋ ਜਾਊ....
ਘਰ ਵਿੱਚ ਪੰਜ ਸੱਤ ਬੂਟੇ ਲਾ ਲੈ,
ਕੁਦਰਤ ਦਾ ਵੀ ਹਿਸਾਬ ਕਰਦੇ।
ਤੇਰਾ ਫਾਇਦਾ ਹੋ ਜਾਊ....
ਇਕੱਲਪਨ ਦੂਰ ਭੱਜ ਜਾਊ,
ਦਿਨ ਚੋਂ ਇੱਕ ਵਾਰ ਖੁੱਲ ਕੇ ਹੱਸ ਦੇ।
ਤੇਰਾ ਫਾਇਦਾ ਹੋ ਜਾਊ...
ਖੁਸ਼ੀਆਂ ਦੀ ਭੀੜ ਲਗਾਦੇ।
ਤੇਰਾ ਫਾਇਦਾ ਹੋ ਜਾਊ......
ਬੁੱਢੇ ਮਾਂ ਬਾਪ ਦੀ ਸੇਵਾ ਕਰ ਲੈ,
ਮਾਂ ਦੀ ਕੁੱਖ ਦਾ, ਪਿਓ ਦੇ ਮੋਢੇ ਦਾ,
ਕਰ ਸੇਵਾ ਉਹਨਾਂ ਦਾ ਕਰਜ਼ਾ ਲਾ ਦੇ।
ਤੇਰਾ ਫਾਇਦਾ ਹੋ ਜਾਊ....
ਹਰੀ *ਨਾਲ ਗੱਲ ਕਰ ਲੈ,
ਦਿੱਲ ਦਾ ਬੋਝ ਘਟਾ ਲੈ।
ਤੇਰਾ ਫਾਇਦਾ ਹੋ ਜਾਊ..



**ਹਰੀ ਕ੍ਰਿਸ਼ਨ ਬੰਗਾ**

# ਤੂੰ ਆਈ ਤਾਂ

ਫੁੱਲਾਂ ਚ ਵੀ ਮਹਿਕਾਂ ਆਈਆਂ
ਗਿੱਲੇ ਵਾਲ ਹੀ ਛੰਡੇ ਜ਼ਰਾ
ਤਾਂ ਘਟਾਵਾਂ ਛਾਈਆਂ

ਤੇਰੀ ਇਕ ਮੁਸਕਾਨ ਨਾਲ
ਰਾਤਾਂ ਵਿੱਚ ਚਾਨਣੀ ਵਿਛੀ
ਤੇਰੇ ਨੈਣਾਂ ਤੋਂ
ਤਾਰਿਆਂ ਨੇ ਅਦਾਵਾਂ ਪਾਈਆਂ

ਤੇਰੇ ਪੱਬਾਂ ਦੀ ਆਹਟ ਨੇ
ਕਰਿਸ਼ਮੇ ਕਰ ਦਿੱਤੇ
ਸੁੱਕੀਆਂ ਡਾਲੀਆਂ 'ਤੇ ਵੀ
ਬਹਾਰਾਂ ਛਾਈਆਂ

ਤੇਰਾ ਸ਼ਬਾਬ ਤੱਕਿਆ
ਤਾਂ ਸਵੇਰ ਹੋ ਗਈ
ਸੁੰਨੇ ਵਿਹੜਿਆਂ ਚ ਵੀ
ਸੂਰਜ ਨੇ ਰਿਸ਼ਮਾਂ ਸਜਾਈਆਂ

ਤੇਰੀਆਂ ਯਾਦਾਂ ਦਾ ਦੀਵਾ
ਸੀਨੇ 'ਤੇ ਜਗਦਾ ਰਿਹਾ
ਕਾਲੀਆਂ ਰਾਤਾਂ ਨੇ ਵੀ
ਰੌਸ਼ਨੀਆਂ ਪਾਈਆਂ

ਤੇਰੇ ਰੁਖ਼ਸਾਰ-ਏ-ਤਾਬਿਸ਼
ਦਾ ਨੂਰ ਵੇਖੋ
ਜਦੋਂ ਵੀ ਤੂੰ ਮਿਲੀ
ਦੁਆਵਾਂ ਰੰਗ ਲਿਆਈਆਂ

ਤੇਰੀਆਂ ਨਜ਼ਰਾਂ ਨੇ
ਵੀਰਾਨ-ਏ-ਦਿਲ ਸੰਵਾਰ ਦਿੱਤੇ
ਮੁਰਝਾਏ ਫੁੱਲਾਂ ਤੇ ਵੀ
ਲਾਲੀਆਂ ਛਾਈਆਂ

ਤੇਰੇ ਹੋਠਾਂ ਦੀ ਖ਼ਾਮੋਸ਼ੀ
ਵੀ ਗ਼ਜ਼ਲ ਬਣ ਗਈ
ਮੇਰੇ ਸਫ਼ਿਆਂ ਨੇ ਵੀ
ਨਵੀਆਂ ਨਜ਼ਮਾਂ ਬਣਾਈਆਂ

ਹੁਸਨ ਤੇਰਾ
ਜਿਵੇਂ ਫਿਜਾ-ਏ-ਨਗਮਾ
ਵੇਖ ਵੇਖ ਸ਼ਾਮਾਂ ਨੂੰ ਵੀ
ਅੰਗੜਾਈਆਂ ਆਈਆਂ



**ਅਮਰਜੀਤ ਟਾਂਡਾ**

# ਝੂਠ ਦੀ ਬੁਨਿਆਦ

ਝੂਠ ਦੀ ਬੁਨਿਆਦ ਬੀਜੀਆਂ ਜੇ ਵਿਸ਼ਵਾਸ ਦੀਆਂ ਜੜ੍ਹਾਂ
ਕਰਨੀ ਮਾੜੀ ਫ਼ਲ ਪੈਣਾ ਭੋਗਣਾ ਦੋਸ਼ ਕਿਸ ਤੇ ਮੜ੍ਹਾਂ?


ਫ਼ਰੇਬ ਦੀ ਸ਼ੱਕਰ ਨਾਲ ਨਾ ਸਾਂਝਾ ਵਿੱਚ ਆਵੇ ਮਿੱਠਾਸ
ਉੱਪਰੋਂ ਤਾਂ ਹੱਸ ਹੱਸ ਬੋਲਦੇ ਦਿੱਲਾਂ ਵਿੱਚ ਖੱਟਾਸ॥

ਰੱਤ ਆਪਣੇ ਤਨ ਦਾ ਬਾਲ੍ਹ ਜਿੰਨ੍ਹਾਂ ਦਾ ਚਾਨਣ ਕਰਿਆ
ਸੱਜਣ ਉਹੀਂ ਘੜਨ ਸਾਜ਼ਿਸ਼ਾਂ ਅਖੇ ਬੂਟਾ ਕਿਉਂ ਹਰਿਆ।


ਚਾਲਾਂ ਜੋ ਪਰਦੇ ਪਿੱਛੇ ਚੱਲਦੇ ਜਾਣ ਕੇ ਵੀ ਹਾਂ ਚੁੱਪ
ਰੂਹ ਦੁੱਖੀ ਦੀ ਬਦਦੁਆ ਜਿਉਂ ਹਨੇਰਾ ਘੁੱਪ॥

ਸਦੀਆਂ ਤੋਂ ਹੀ ਹਨੇਰ੍ਹੇ ਦਾ ਚਾਨਣ ਨਾਲ ਮੁੱਢੋਂ ਵੈਰ
ਰਾਹਾਂ ਚ ਕੰਢੇ ਜੋ ਬੀਜਣ ਰੱਬਾਂ ਬਖ਼ਸ਼ੀ ਉਹਨਾਂ ਨੂੰ ਖ਼ੈਰ।

ਸੁਰਿੰਦਰ ਧੋਖੇ ਸਾਜ਼ਿਸ਼ਾਂ ਦਾ ਡੰਗਿਆ ਕਰੇ ਅਰਦਾਸ
ਦੁਨੀਆਂ ਵਿੱਚ ਰੱਬਾਂ ਠੇਢੇ ਖਾਂਦੇ ਅੰਤ ਰੱਖੀ ਚਰਨੀਂ ਪਾਸ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**



# ਐਲ.ਬੀ.ਸੀ.ਟੀ. ਨੇ ਢਿੱਲਵਾਂ ਦੇ ਸਰਕਾਰੀ ਸਕੂਲ ’ਚ ਪੌਦੇ ਲਗਾਏ : ਦਰਦੀ

## ਟਰੱਸਟ ਆਗੂਆਂ ਨੇ ਕੀਤੀ ਸ਼ਿਰਕਤ

**ਫਰੀਦਕੋਟ ( ਸ਼ਿਵਨਾਥ )** ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਨਾਮਣਾ ਖੱਟਣ ਵਾਲੀ ਗੈਰ ਸਰਕਾਰੀ ਅਤੇ ਗੈਰ ਰਾਜਨੀਤਕ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਜਿਲ੍ਹੇ ਦੇ ਸਰਕਾਰੀ ਸਕੂਲ ਅੰਦਰ ਰੁੱਖ ਲਗਾਓ ਮੁਹਿੰਮ ਲਗਾਤਾਰ ਜਾਰੀ ਹੈ। ਇਸ ਲੜੀ ਅਧੀਨ ਅੱਜ ਜਿਲ੍ਹੇ ਦੇ ਸ਼ਹੀਦ ਗੁਰਪ੍ਰੀਤ ਸਿੰਘ ਪੀ.ਐੱਮ. ਸ੍ਰੀ ਸਰਕਾਰੀ ਹਾਈ ਸਕੂਲ ਸਕੂਲ ਢਿੱਲਵਾਂ ਕਲਾਂ ਵਿਖੇ 51 ਪੌਦੇ ਲਗਾਏ ਗਏ। ਪੌਦੇ ਲਾਉਣ ਦੀ ਇਹ ਰਸਮ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ ਬਾਰ੍ਹੋਲੀਆ, ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਅਤੇ ਸਕੂਲ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਸਾਂਝੇ ਤੌਰ ’ਤੇ ਅਦਾ ਕੀਤੀ। ਇਸ ਸਮੇਂ ਸਕੂਲ ਸਟਾਫ ਦੇ ਰੁਪਿੰਦਰ ਸਿੰਘ, ਅਵਿਨਵ, ਮੀਨਾਕਸ਼ੀ, ਦੀਪ ਅਮਰ, ਪਰਮਪਾਲ ਕੌਰ, ਗੁਰਸ਼ਰਨ ਸਿੰਘ, ਕੁਲਵੰਤ ਸਿੰਘ ਅਤੇ ਜਸਕਰਨ ਸਿੰਘ ਸਮੇਤ ਸਕੂਲੀ ਵਿਦਿਆਰਥੀ ਮੌਜੂਦ ਸਨ। ਪੌਦੇ ਲਾਉਣ ਸਮੇਂ ਪ੍ਰਿੰ. ਪੰਨਾ ਲਾਲ ਪੀ.ਈ. ਐੱਸ.-1 ਨੇ ਵੀ ਉਚੇਚੇ ਤੌਰ ’ਤੇ



ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਢੋਸੀਵਾਲ ਨੇ ਕਿਹਾ ਕਿ ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਬੇਹੱਦ ਅਹਿਮ ਭੂਮਿਕਾ ਹੈ। ਸਾਨੂੰ ਰੁੱਖਾਂ ਨੂੰ ਆਪਣੇ ਪੁੱਤਾਂ ਵਾਂਗੂੰ ਪਾਲਣਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਅਤੇ ਟਰੱਸਟ ਆਗੂ ਇੰਸ. ਬਾਰ੍ਹੋਲੀਆ ਨੇ ਵਿਦਿਆਰਥੀਆਂ ਨੂੰ ਆਪਣਾ ਜੀਵਨ ਵਿੱਚ ਹਰ ਸਾਲ ਘੱਟੋ-ਘੱਟ ਪੰਜ ਰੁੱਖ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰੀ ਦਰਦੀ ਨੇ ਕਿਹਾ ਕਿ ਰੁੱਖਾਂ ਦੀ ਬੇਤਹਾਸ਼ਾ ਕਟਾਈ ਅਤੇ ਸਹੀ ਸੇਵਾ ਸੰਭਾਲ ਨਾ ਹੋਣਾ ਸਮੁੱਚੀ ਮਾਨਵਤਾ ਲਈ ਖਤਰੇ ਦੀ ਘੰਟੀ ਹੈ। ਆਪਣੇ ਸਕੂਲ ਵਿੱਚ ਪੌਦੇ ਲਾਉਣ ਲਈ ਸਕੂਲ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਆਗੂਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਅੱਗੇ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਟਰੱਸਟ ਮਹੱਤਵ ਪੂਰਨ ਰੋਲ ਅਦਾ ਕਰ ਰਿਹਾ ਹੈ। ਮੁੱਖ ਅਧਿਆਪਕਾ ਨੇ ਟਰੱਸਟ ਵੱਲੋਂ ਲਗਾਏ ਗਏ ਸਾਰੇ ਪੌਦਿਆਂ ਦੀ ਸਹੀ ਦੇਖ ਭਾਲ ਦਾ ਵਿਸ਼ਵਾਸ਼ ਵੀ ਦਿਵਾਇਆ। ਅੱਜ ਇੱਥੇ ਟਰੱਸਟ ਦੇ ਮੁੱਖ ਦਫਤਰ ਤੋਂ ਜਾਣਕਾਰੀ ਦਿੰਦੇ ਹੋਏ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਨੇ ਦੱਸਿਆ ਹੈ ਕਿ ਅਗਲੇ ਹਫ਼ਤੇ ਟਰੱਸਟ ਵੱਲੋਂ ਜਿਲ੍ਹੇ ਦੇ ਕੁਝ ਹੋਰ ਸਕੂਲਾਂ ਵਿੱਚ ਵੀ ਪੌਦੇ ਗਾਏ ਜਾਣਗੇ।

# "ਘਰ-ਘਰ ਹਰਿਆਵਲ" ਮੁਹਿੰਮ ਤਹਿਤ ਬੂਟੇ ਲਗਾਉਣ ਦੀ ਮੁਹਿੰਮ ਲਗਾਤਾਰ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 22 ਜੁਲਾਈ ()** — ਵਾਤਾਵਰਣ ਨੂੰ ਸਮਰਪਿਤ ਸੰਸਥਾਵਾਂ ਅਲਾਇੰਸ ਕਲੱਬ ਇੰਟਰਨੈਸ਼ਨਲ ਸ੍ਰੀ ਅਨੰਦਪੁਰ ਸਾਹਿਬ ਅਤੇ ਆਸਰਾ ਫਾਊਂਡੇਸ਼ਨ (ਰਜਿ:) ਵੱਲੋਂ ਵਾਤਾਵਰਣ ਦੀ ਸੰਭਾਲ ਅਤੇ ਹਰਿਆਵਲ ਨੂੰ ਉਤਸ਼ਾਹਿਤ ਕਰਨ ਲਈ ਚਲਾਈ ਜਾ ਰਹੀ ‘ਘਰ-ਘਰ ਹਰਿਆਵਲ’ ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਅੱਜ ਭਾਈ ਰਜਿੰਦਰ ਸਿੰਘ ਰਾਹੀ, ਮਹੱਲਾ ਕਿਲਾ ਫਤਿਹਗੜ੍ਹ ਸਾਹਿਬ ਵਿਖੇ ਵੱਖ-ਵੱਖ ਕਿਸਮਾਂ ਦੇ ਫਲਦਾਰ ਅਤੇ ਛਾਂ-ਦਾਰ ਬੂਟੇ ਲਗਾਏ ਗਏ। ਇਸ ਮੌਕੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਡਾ. ਹਰਦਿਆਲ ਸਿੰਘ ਪੰਨੂ, ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਅਤੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਰੀਵਾਲ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

ਇਸ ਮੌਕੇ ਡਾ. ਹਰਦਿਆਲ ਸਿੰਘ ਪੰਨੂ ਨੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਹਰਿਆਵਲ ਹੀ ਸਿਹਤਮੰਦ ਅਤੇ ਸੁਖਦਾਈ ਜੀਵਨ ਦਾ ਆਧਾਰ ਹੈ। ਭਾਈ ਰਜਿੰਦਰ ਸਿੰਘ ਰਾਹੀ ਨੇ ਕਿਹਾ ਕਿ ਆਪਣੇ ਘਰ ਅਤੇ ਆਲੇ-ਦੁਆਲੇ ਬੂਟੇ ਲਗਾਉਣ ਨਾਲ ਵਾਤਾਵਰਣ ਸੁੰਦਰ ਹੋਣ ਦੇ ਨਾਲ-ਨਾਲ ਸਾਨੂੰ ਸਾਫ਼ ਅਤੇ ਸ਼ੁੱਧ ਹਵਾ ਵੀ ਮਿਲਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਨਾਲ ਜੁੜ ਕੇ ਆਪਣੇ ਘਰਾਂ ਅਤੇ ਆਲੇ-ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣ। ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ





ਸਿੰਘ ਨੇ ਕਿਹਾ ਕਿ ‘ਘਰ-ਘਰ ਹਰਿਆਵਲ’ ਮੁਹਿੰਮ ਨੂੰ ਹੋਰ ਵੱਡੇ ਪੱਧਰ ’ਤੇ ਲਿਜਾਇਆ ਜਾਵੇਗਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੂਟੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਵੀ ਸਾਡਾ ਫਰਜ਼ ਹੈ। ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਜਸਦੀਪ ਸਿੰਘ ਧਾਰੀਵਾਲ ਨੇ ਕਿਹਾ ਕਿ ਆਸਰਾ ਫਾਊਂਡੇਸ਼ਨ ਵੱਲੋਂ ਵਾਤਾਵਰਣ ਦੀ ਸੰਭਾਲ ਲਈ ਅਜਿਹੇ ਉਪਰਾਲੇ ਲਗਾਤਾਰ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਣ ਦੇਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਮੌਕੇ ਹਾਜ਼ਰ ਸਮੂਹ ਮੈਂਬਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ ਅਤੇ ਆਲੇ-ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਨਿਯਮਤ ਤੌਰ ’ਤੇ ਸੰਭਾਲ ਕਰਨ, ਤਾਂ ਜੋ ਸ੍ਰੀ ਅਨੰਦਪੁਰ ਸਾਹਿਬ ਨੂੰ ਹੋਰ ਵੀ ਹਰਾ-ਭਰਾ ਅਤੇ ਸੁੰਦਰ ਬਣਾਇਆ ਜਾ ਸਕੇ। ਉਹਨਾਂ ਕਿਹਾ ਕਿ ਬੂਟੇ ਲਗਵਾਉਣ ਦੇ ਚਾਹਵਾਨ ਸਾਡੀ ਸੰਸਥਾ ਨਾਲ ਸੰਪਰਕ (99157-13231) ਕਰ ਸਕਦੇ ਹਨ ਬੂਟੇ ਸਾਡੇ ਵਲੋਂ ਫਰੀ ਲਗਾਏ ਜਾਣਗੇ। ਇਸ ਮੌਕੇ ਅੰਕੁਸ਼ ਕੁਮਾਰ, ਗੁਰਪ੍ਰੀਤ ਸਿੰਘ ਗੋਲਡੀ, ਮਾਸਟਰ ਸੰਜੀਵ ਧਰਮਾਣੀ, ਧੀਰਜ ਘਈ, ਪੁਸ਼ਪਿੰਦਰ ਸਿੰਘ, ਦੁਰੋਹਿਨ ਘਈ, ਰਾਜ ਘਈ ਆਦਿ ਹਾਜ਼ਰ ਸਨ।

# ਸੱਤਾ ਪ੍ਰਾਪਤ ਕਰਨ ਲਈ ਪਿੰਡ ਅਤੇ ਸੈਕਟਰ ਪੱਧਰ ਤੇ ਸੰਗਠਨ ਨੂੰ ਮਜ਼ਬੂਤ ਕਰਨਾ ਹੋਵੇਗਾ : ਵਿਪੁਲ ਕੁਮਾਰ

**ਫਿਲੌਰ (ਚਰਨਜੀਤ ਸੱਲ੍ਹਾ** )ਬਹੁਜਨ ਸਮਾਜ ਨੂੰ ਸੱਤਾ ਵਿਚ ਭਾਗੀਦਾਰ ਬਣਾਉਣ ਲਈ ਪਿੰਡ ਤੇ ਸੈਕਟਰ ਪੱਧਰ ਦੇ ਸੰਗਠਨ ਨੂੰ ਮਜ਼ਬੂਤ ਕਰਨਾ ਹੋਵੇਗਾ : ਵਿਪੁਲ ਕੁਮਾਰ ਕੇਂਦਰੀ ਪ੍ਰਭਾਰੀ ਪੰਜਾਬ।ਡਾ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਯੋਗ ਅਗਵਾਈ ਵਿੱਚ ਚਲਾਈ ਗਈ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਬਸਪਾ ਦੇ ਬੂਥ ਤੇ ਸੈਕਟਰ ਪੱਧਰ ਦੇ ਜਥੇਬੰਦਕ ਢਾਂਚੇ ਨੂੰ ਚੁੱਸਤ ਦਰੁੱਸਤ ਕਰਨ ਦੇ ਉਦੇਸ਼ ਲਈ ਫਿਲੌਰ ਹਲਕੇ ਦੇ ਜੋਨ ਢੇਸੀਆਂ ਕਾਹਨਾਂ ਦੇ ਸੈਕਟਰ ਪਾਸਲਾ, ਢੇਸੀਆਂ ਕਾਹਨਾਂ, ਰੁੜਕਾਂ ਕਲਾਂ ਵਿਖੇ ਮੁੱਖ ਮਹਿਮਾਨ ਵਜੋਂ ਪਹੁੰਚੇ ਬਸਪਾ ਪੰਜਾਬ ਦੇ ਕੇਂਦਰੀ ਪ੍ਰਭਾਰੀ ਸ੍ਰੀ ਵਿਪੁਲ ਕੁਮਾਰ ਜੀ ਦੀ ਅਗਵਾਈ ਹੇਠ ਸਮਿਖਿਆ ਮੀਟਿੰਗ ਹੋਈ,ਜਿਸ ਵਿਚ, ਤੀਰਥ ਰਾਜਪੁਰਾ ਜੋਨ ਇੰਚਾਰਜ ਪੰਜਾਬ, ਇੰਜ ਜਸਵੰਤ ਰਾਏ ਦਫ਼ਤਰ ਸੈਕਟਰੀ ਪੰਜਾਬ, ਸਰਪੰਚ ਖੁਸ਼ੀ ਰਾਮ ਜਿਲਾ ਪ੍ਰਭਾਰੀ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ,



ਜਗਦੀਸ਼ ਸ਼ੇਰਪੁਰੀ ਜ਼ਿਲਾ ਪ੍ਰਧਾਨ ਜਲੰਧਰ। ਇੰਜਂ ਸੁਸ਼ੀਲ ਬਿਰਦੀ, ਬਲਾਕ ਸੰਮਤੀ ਮੈਂਬਰ ਬਲਜਿੰਦਰ ਰਾਜੂ ਨੇ ਵੀ ਸੰਬੋਧਨ ਕੀਤਾ ਇਸ ਮੌਕੇ ਭਾਰੀ ਗਿਣਤੀ ਵਿੱਚ ਵੱਖ ਵੱਖ ਸੈਕਟਰਾਂ ਦੇ ਪਿੰਡਾਂ ਤੋਂ ਬਸਪਾ ਸਮਰਥਕ ਵੀ ਹਾਜਰ ਸਨ ।

# ਫੁੱਟਬਾਲ ਖਿਡਾਰਨਾਂ ਸਹਿਜਪ੍ਰੀਤ ਅਤੇ ਗੁਰਕੀਰਤ ਦੀ ਮਾਂ ਦੇ ਅਕਾਲ ਚਲਾਣੇ ਤੇ ਦੋ ਮਿੰਟ ਦਾ ਮੌਨ ਰੱਖ ਕੇ ਦਿੱਤੀ ਸ਼ਰਧਾਂਜਲੀ: ਕੋਚ ਮੰਗੂਵਾਲ

**ਬੰਗਾ 22 ਜੁਲਾਈ (ਚਰਨਜੀਤ ਸੱਲ੍ਹਾ** )ਫੁੱਟਬਾਲ ਅਕੈਡਮੀ ਮੰਗੂਵਾਲ ਦੀਆਂ ਖਿਡਾਰਨਾਂ ਦੀ ਮਾਂ ਸੁਖਵਿੰਦਰ ਕੌਰ ਕੁੱਝ ਦਿਨ ਪਹਿਲਾਂ ਅਚਾਨਕ ਹੀ ਹਾਰਟ ਅਟੈਕ ਹੋਣ ਕਾਰਨ ਆਪਣੇ ਪਤੀ ਉਮਰੈਲ ਸਿੰਘ ਉਰਫ ਕਾਲਾ ਅਤੇ ਹੋਰ ਪਰਿਵਾਰਕ ਮੈਂਬਰਾਂ ਦੇ ਹੱਥਾਂ ਵਿੱਚ ਅਕਾਲ ਚਲਾਣਾ ਕਰ ਗਈ ਸੀ। ਇਸ ਦੀ ਜਾਣਕਾਰੀ ਅਕੈਡਮੀ ਦੇ ਚੀਫ਼ ਕੋਚ ਸਰਬਜੀਤ ਮੰਗੂਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਇਸ ਸਦਮੇਂ ਦੀ ਖਬਰ ਸੁਣਦਿਆਂ ਹੀ ਖਿਡਾਰਨਾਂ ਨੂੰ ਗਰਾਊਂਡ ਵਿੱਚ ਆਉਣ ਤੋਂ ਛੁੱਟੀਆਂ ਕਰ ਦਿੱਤੀਆਂ। ਬੱਚਿਆਂ ਦੇ ਮਾਪਿਆਂ ਦੇ ਤੁਰ ਜਾਣ ਦਾ ਵਿਛੋੜਾ ਝੱਲਣਾ ਬਹੁਤ ਅਸਹਿ ਹੁੰਦਾ ਹੈ। ਪਰਿਵਾਰ ਵਲੋਂ ਸਾਰੀਆਂ ਦੁਨਿਆਵੀ ਰਸਮਾਂ ਨਿਭਾਉਣ ਮਗਰੋਂ ਬੱਚੀਆਂ ਦੇ ਗਰਾਊਂਡ ਵਿੱਚ ਆਉਂਣ ਤੇ ਟ੍ਰੇਨਿੰਗ ਸੈਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਖਿਡਾਰੀਆਂ ਵਲੋਂ ਬੇਟੀਆਂ ਦੀ ਮਾਂ ਸੁਖਵਿੰਦਰ ਕੌਰ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।



# ਪੇਪਰ ਲੀਕ ਮਾਮਲਿਆਂ 'ਚ ਕੇਂਦਰ ਦੀ ਧੱਕੇਸ਼ਾਹੀ ਅਤੇ ਕਿਸਾਨਾਂ ਦੀ ਘੇਰਾਬੰਦੀ ਲੋਕਤੰਤਰ ਦਾ ਘਾਣ : ਸੰਦੀਪ ਸਿੰਘ ਖਾਲਸਾ

**ਹੁਸ਼ਿਆਰਪੁਰ, 22 ਜੁਲਾਈ ( ਤਰਸੇਮ ਦੀਵਾਨਾ )** - ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਦੇਸ਼ ਦੇ ਭਵਿੱਖ ਯੁਵਾਵਾਂ ਅਤੇ ਅੰਨਦਾਤੇ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੰਦੀਪ ਸਿੰਘ ਖ਼ਾਲਸਾ ਮੈਂਬਰ ਪੀ ਏ ਸੀ ਅਤੇ ਹਲਕਾ ਇੰਚਾਰਜ ਉੜਮੁੜ ਟਾਂਡਾ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੰਦੀਪ ਸਿੰਘ ਖਾਲਸਾ ਨੇ ਕਿਹਾ ਕਿ ਲੋਕਤੰਤਰ ਵਿੱਚ ਹਰ ਨਾਗਰਿਕ ਨੂੰ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਦਾ ਪੂਰਾ ਅਧਿਕਾਰ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾ ਤਾਂ ਜਨਤਾ ਨਾਲ ਸੰਵਾਦ ਰਚਾਉਂਦੇ ਹਨ ਅਤੇ ਨਾ ਹੀ ਮੀਡੀਆ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਦੇਸ਼ ਦੇ ਕਿਸਾਨਾਂ ਵਿੱਚ ਗੰਭੀਰ ਚਿੰਤਾਵਾਂ ਹਨ, ਪਰ ਪ੍ਰਧਾਨ ਮੰਤਰੀ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਬਜਾਏ ਚੁੱਪ ਧਾਰੀ ਬੈਠੇ ਹਨ।

ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਰਾਜਧਾਨੀ ਵੱਲ ਜਾਣ ਤੋਂ ਰੋਕਣ ਲਈ ਲਗਾਈਆਂ ਜਾ ਰਹੀਆਂ



ਰੁਕਾਵਟਾਂ ਨੂੰ ਬੇਹੱਦ ਦੁਰਭਾਗਪੂਰਨ ਕਰਾਰ ਦਿੰਦਿਆਂ ਅਪੀਲ ਕੀਤੀ ਕਿ ਸਰਕਾਰਾਂ ਅਜਿਹੀਆਂ ਮਨਮਾਨੀਆਂ ਕਾਰਵਾਈਆਂ ਤੋਂ ਬਾਜ਼ ਆਉਣ, ਆਪਣੀਆਂ ਪਿਛਲੀਆਂ ਗਲਤੀਆਂ ਨੂੰ ਨਾ ਦੁਹਰਾਉਣ ਅਤੇ ਕਿਸਾਨਾਂ ਨੂੰ ਸ਼ਾਂਤੀਪੂਰਵਕ ਆਪਣੀ ਆਵਾਜ਼ ਚੁੱਕਣ ਦੀ ਇਜਾਜ਼ਤ ਦੇਣ।

ਦੇਸ਼ ਵਿੱਚ ਬਾਰ-ਬਾਰ ਹੋ ਰਹੇ ਪੇਪਰ ਲੀਕ ਮਾਮਲਿਆਂ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਖਾਲਸਾ ਨੇ ਕਿਹਾ ਕਿ ਵਰ੍ਹੇ 2017, 2019, 2022, 2024 ਅਤੇ ਹੁਣ 2026 ਵਿੱਚ ਵੀ ਪ੍ਰੀਖਿਆ ਪੱਤਰ ਲੀਕ ਹੋਣ ਦੀਆਂ ਘਟਨਾਵਾਂ ਨੇ ਦੇਸ਼ ਦੇ ਲੱਖਾਂ ਨੌਜਵਾਨਾਂ ਦੇ ਸਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਹੈ। ਦੇਸ਼ ਦਾ ਯੁਵਾ ਪੜ੍ਹ-ਲਿਖ ਕੇ ਆਪਣਾ ਭਵਿੱਖ ਸੰਵਾਰਨਾ ਚਾਹੁੰਦਾ ਹੈ, ਪਰ ਕੇਂਦਰ ਸਰਕਾਰ ਦੋਸ਼ੀਆਂ 'ਤੇ ਕਾਰਵਾਈ ਕਰਨ ਦੀ ਬਜਾਏ ਇਨ੍ਹਾਂ ਗੜਬੜੀਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਪੁਸ਼ਤਪਨਾਹੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪ੍ਰਧਾਨ ਮੰਤਰੀ ਖ਼ੁਦ ਨੂੰ 'ਵਿਸ਼ਵਗੁਰੂ' ਦੇ ਰੂਪ ਵਿੱਚ ਪੇਸ਼ ਕਰਦੇ ਹਨ, ਪਰ ਦੂਜੇ ਪਾਸੇ ਆਪਣੇ ਹੀ ਦੇਸ਼ ਦੇ ਯੂਥ ਦਾ ਭਵਿੱਖ ਧੁੰਦਲਾ ਹੁੰਦਾ ਦੇਖ ਕੇ ਅੱਖਾਂ ਮੀਚੀ ਬੈਠੇ ਹਨ। ਜਦੋਂ ਵੀ ਨੌਜਵਾਨ ਹੱਕਾਂ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਆਵਾਜ਼ ਚੁੱਕਦੇ ਹਨ ਤਾਂ ਕੇਂਦਰ ਸਰਕਾਰ ਇਨਸਾਫ਼ ਦੇਣ ਦੀ ਬਜਾਏ ਉਨ੍ਹਾਂ 'ਤੇ ਲਾਠੀਚਾਰਜ ਕਰਕੇ ਆਵਾਜ਼ ਦਬਾਉਣ ਦਾ ਕੋਝਾ ਯਤਨ ਕਰਦੀ ਹੈ। ਸੰਦੀਪ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੌਜਵਾਨਾਂ ਅਤੇ ਕਿਸਾਨਾਂ ਦੇ ਨਾਲ ਚਟਾਨ ਵਾਂਗ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਦੇ ਹੱਕਾਂ ਲਈ ਹਰ ਮੋਰਚੇ 'ਤੇ ਆਵਾਜ਼ ਬੁਲੰਦ ਕਰਦਾ ਰਹੇਗਾ।

# ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ ਕੇਂਦਰ ਸਰਕਾਰ, ਸੰਸਦ 'ਚ ਚਰਚਾ ਤੋਂ ਭੱਜਣਾ ਬੇਹੱਦ ਅਫ਼ਸੋਸਜਨਕ : ਮਨੀ ਫਰਵਾਹਾ

**ਹੁਸ਼ਿਆਰਪੁਰ, 22 ਜੁਲਾਈ ( ਤਰਸੇਮ ਦੀਵਾਨਾ )** - ਕਾਂਗਰਸ ਪਾਰਟੀ ਦੇ ਉੱਘੇ ਆਗੂ ਮਨੀ ਫਰਵਾਹਾ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖੇ ਹਮਲੇ ਬੋਲਦਿਆਂ ਕਿਹਾ ਹੈ ਕਿ ਦੇਸ਼ ਦੇ ਲੱਖਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਸ਼ਰੇਆਮ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਦੇ ਨਿਰਮਾਤਾ ਯੂਥ ਦੇ ਅਹਿਮ ਮੁੱਦਿਆਂ 'ਤੇ ਸੰਸਦ ਦੇ ਅੰਦਰ ਚਰਚਾ ਨਾ ਕਰਵਾਉਣਾ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਅਤੇ ਨਾਕਾਮੀ ਨੂੰ ਸਾਫ਼ ਬਿਆਨ ਕਰਦਾ ਹੈ।

ਮਨੀ ਫਰਵਾਹਾ ਨੇ ਆਖਿਆ ਕਿ ਅੱਜ ਪੂਰੇ ਦੇਸ਼ ਵਿੱਚ ਸਿੱਖਿਆ ਵਿਵਸਥਾ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਜਦੋਂ ਸ਼ਾਂਤੀਪੂਰਨ ਤਰੀਕੇ ਨਾਲ ਨੌਜਵਾਨ ਆਪਣੇ ਹੱਕਾਂ ਅਤੇ ਪਾਰਦਰਸ਼ੀ ਜਾਂਚ ਲਈ ਆਵਾਜ਼ ਉਠਾਉਂਦੇ ਹਨ, ਤਾਂ ਉਨ੍ਹਾਂ ਦੀ ਗੱਲ ਸੁਣਨ ਅਤੇ ਸਮਝਣ ਦੀ



ਬਜਾਏ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਜਾਂਦਾ ਹੈ। ਵਿਦਿਆਰਥੀਆਂ 'ਤੇ ਅਜਿਹਾ ਬਲ ਪ੍ਰਯੋਗ ਕਰਕੇ ਉਨ੍ਹਾਂ ਦੀ ਆਵਾਜ਼ ਦਬਾਉਣਾ ਪੂਰੀ ਤਰ੍ਹਾਂ ਗ਼ਲਤ ਅਤੇ ਨਿੰਦਣਯੋਗ ਹੈ, ਜਿਸ ਨੂੰ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਦੇ ਯੂਥ ਕੋਲ ਪਹਿਲਾਂ ਹੀ ਰੋਜ਼ਗਾਰ ਦੇ ਮੌਕੇ ਬਹੁਤ ਸੀਮਤ ਹਨ। ਅਜਿਹੇ ਸਮੇਂ 'ਚ ਪ੍ਰਤੀਯੋਗੀ ਪ੍ਰੀਖਿਆਵਾਂ ਹੀ ਉਨ੍ਹਾਂ ਦੇ ਸੁਪਨਿਆਂ ਅਤੇ ਬਿਹਤਰ ਭਵਿੱਖ ਦੀ ਆਖਰੀ ਉਮੀਦ ਹੁੰਦੀਆਂ ਹਨ, ਪਰ ਪ੍ਰੀਖਿਆ ਪ੍ਰਣਾਲੀ 'ਚ ਲਗਾਤਾਰ ਹੋ ਰਹੀਆਂ ਗੜਬੜੀਆਂ ਨੇ ਨੌਜਵਾਨਾਂ ਦਾ ਭਰੋਸਾ ਬੁਰੇ ਤਰੀਕੇ ਨਾਲ ਤੋੜ ਦਿੱਤਾ ਹੈ।ਕਾਂਗਰਸੀ ਆਗੂ ਮਨੀ ਫਰਵਾਹਾ ਨੇ ਜ਼ੋਰਦਾਰ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਸੰਵੇਦਨਸ਼ੀਲ ਮੁੱਦੇ 'ਤੇ ਆਪਣੀ ਚੁੱਪੀ ਤੋੜਨੀ ਚਾਹੀਦੀ ਹੈ ਅਤੇ ਦੇਸ਼ ਦੇ ਭਵਿੱਖ ਯਾਨੀ ਵਿਦਿਆਰਥੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਪੂਰੇ ਮਾਮਲੇ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤੁਰੰਤ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਹੱਕਾਂ ਦੀ ਲੜਾਈ ਵਿੱਚ ਕਾਂਗਰਸ ਪਾਰਟੀ ਚੱਟਾਨ ਵਾਂਗ ਨਾਲ ਖੜ੍ਹੀ ਹੈ ਅਤੇ ਸੰਸਦ 'ਚ ਇਸ ਗੰਭੀਰ ਵਿਸ਼ੇ 'ਤੇ ਤੁਰੰਤ ਵਾਜਬ ਚਰਚਾ ਕਰਵਾਈ ਜਾਣੀ ਚਾਹੀਦੀ ਹੈ।

# ਕੇਂਦਰ ਸਰਕਾਰ ਦੇ ਜ਼ੁਲਮ ਅਤੇ ਦਮਨਕਾਰੀ ਨੀਤੀਆਂ ਨਾਲ ਨੌਜਵਾਨਾਂ ਦੇ ਉਭਾਰ ਨੂੰ ਦਬਾਇਆ ਨਹੀਂ ਜਾ ਸਕਦਾ : ਐਡਵੋਕੇਟ ਸੂਰਜ ਸਿੰਘ

**ਹੁਸ਼ਿਆਰਪੁਰ, 22 ਜੁਲਾਈ ( ਤਰਸੇਮ ਦੀਵਾਨਾ )** ਦਿੱਲੀ ਦੇ ਜੰਤਰ-ਮੰਤਰ ਵਿਖੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ, ਨੌਜਵਾਨਾਂ, ਮਹਿਲਾਵਾਂ ਅਤੇ ਇੱਥੋਂ ਤੱਕ ਕਿ ਡਾਕਟਰਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਬੇਰਹਿਮ ਲਾਠੀਚਾਰਜ ਅਤੇ ਹੰਝੂ ਗੈਸ ਦੇ ਗੋਲੇ ਛੱਡਣ ਦੀ ਘਟਨਾ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਰ.ਟੀ.ਆਈ. ਸੈੱਲ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੂਰਜ ਸਿੰਘ ਵੱਲੋਂ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਸੂਰਜ ਸਿੰਘ ਨੇ ਆਖਿਆ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਵੱਲੋਂ ਕੀਤਾ ਗਿਆ ਇਹ ਜਬਰ ਅੰਗਰੇਜ਼ਾਂ ਦੇ 'ਈਸਟ ਇੰਡੀਆ ਕੰਪਨੀ' ਦੇ ਕਾਲੇ ਰਾਜ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਨਾਗਰਿਕ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਸੰਵਿਧਾਨਕ ਹੱਕ ਹੈ, ਪਰ ਕੇਂਦਰ ਸਰਕਾਰ ਧੱਕੇਸ਼ਾਹੀ ਅਤੇ ਦਮਨਕਾਰੀ ਨੀਤੀਆਂ ਅਪਣਾ ਕੇ ਨੌਜਵਾਨਾਂ ਦੀ ਆਵਾਜ਼ ਨੂੰ ਕੁਚਲਣਾ ਚਾਹੁੰਦੀ ਹੈ। ਐਡਵੋਕੇਟ ਸੂਰਜ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਿਤਾਵਨੀ ਦੰਦਿਆਂ ਕਿਹਾ ਕਿ ਦੇਸ਼ ਵਿੱਚ ਹਾਲਾਤ ਖਰਾਬ ਹੋਣ ਤੋਂ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਤੁਰੰਤ ਮੰਤਰੀ ਮੰਡਲ ਤੋਂ ਬਾਹਰ ਕੀਤਾ ਜਾਵੇ। ਉਨ੍ਹਾਂ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਆਪਣੀਆਂ ਅੱਖਾਂ ਨਾ ਖੋਲ੍ਹੀਆਂ ਅਤੇ ਨੌਜਵਾਨਾਂ 'ਤੇ ਅੱਤਿਆਚਾਰ ਬੰਦ ਨਾ ਕੀਤਾ, ਤਾਂ ਇਸ ਤਾਨਾਸ਼ਾਹੀ ਸਰਕਾਰ ਦੇ ਨਤੀਜੇ ਵੀ ਬਹੁਤ ਗੰਭੀਰ ਹੋ ਸਕਦੇ ਹਨ। ਉਨ੍ਹਾਂ ਅਖੀਰ ਵਿੱਚ ਕਿਹਾ ਕਿ



ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਉਭਾਰ ਅਜਿਹੀਆਂ ਧੱਕੇਸ਼ਾਹੀਆਂ ਨਾਲ ਨਹੀਂ ਦਬਾਇਆ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਬਾਦਲ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਹੱਕਾਂ ਲਈ ਡਟ ਕੇ ਖੜ੍ਹਾ ਹੈ ਅਤੇ ਇਸ ਜਬਰ ਦਾ ਹਰ ਮੰਚ 'ਤੇ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ। ਐਡਵੋਕੇਟ ਸੂਰਜ ਸਿੰਘ ਨੇ ਆਖਿਆ ਕਿ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਦੇਸ਼ ਦੇ ਭਵਿੱਖ ਨੌਜਵਾਨਾਂ ਅਤੇ ਵਿਦਿਆਰਥੀਆਂ 'ਤੇ ਅਜਿਹੀ ਬੇਰਹਿਮੀ ਨਾਲ ਲਾਠੀਚਾਰਜ ਕਰਨਾ ਸਰਕਾਰ ਦੀਆਂ ਜਬਰ ਅਤੇ ਦਮਨਕਾਰੀ ਨੀਤੀਆਂ ਨੂੰ ਸਾਫ਼ ਦਰਸਾਉਂਦਾ ਹੈ। ਉਹਨਾਂ ਕਿਹਾ, "ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਉਤਸ਼ਾਹ ਅਜਿਹੀਆਂ ਜਬਰ ਦੀਆਂ ਕਾਰਵਾਈਆਂ ਨਾਲ ਨਾ ਤਾਂ ਦਬਾਇਆ ਜਾ ਸਕਦਾ ਹੈ ਅਤੇ ਨਾ ਹੀ ਕੁਚਲਿਆ ਜਾ ਸਕਦਾ ਹੈ।" ਐਡਵੋਕੇਟ ਸੂਰਜ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣ ਵਾਲੀਆਂ ਅਜਿਹੀਆਂ ਧੱਕੇਸ਼ਾਹੀਆਂ ਅਤੇ ਦਮਨਕਾਰੀ ਨੀਤੀਆਂ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦਿੱਤਾ ਜਾਵੇ।

for more news visit:
www.samajweekly.com

# ਇਸ ਤਰ੍ਹਾਂ ਤੇ ਕੋਈ ਦੁਸ਼ਮਣਾਂ ਨੂੰ ਵੀ ਨਹੀਂ ਕੁੱਟਦਾ ਜਿਸ ਤਰ੍ਹਾਂ ਦਿੱਲੀ ਪੁਲਿਸ ਨੇ ਵਿਦਿਆਰਥੀਆਂ ਨੂੰ ਬੇਰਹਿਮੀ ਨਾਲ ਕੁੱਟਿਆ : ਸੰਤ ਕੁਲਵੰਤ ਰਾਮ ਭਰੋਮਜਾਰਾ

**ਹੁਸ਼ਿਆਰਪੁਰ, 22 ਜੁਲਾਈ ( ਤਰਸੇਮ ਦੀਵਾਨਾ ) –** ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਵੱਲੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ 'ਤੇ ਕੀਤੇ ਗਏ ਅੰਨ੍ਹੇ ਤਸ਼ੱਦਦ ਦੀ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ:) ਪੰਜਾਬ ਦੇ ਪ੍ਰਧਾਨ ਅਤੇ ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜ਼ਾਰਾ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਭਰੋ ਮਾਜਰਾ ਨੇ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨੌਜਵਾਨਾਂ 'ਤੇ ਕੀਤਾ ਗਿਆ ਇਹ ਅੱਤਿਆਚਾਰ ਬਿਲਕੁਲ ਵੀ ਸਹਿਣਯੋਗ ਨਹੀਂ ਹੈ।

ਜਾਰੀ ਕੀਤੇ ਬਿਆਨ ਵਿੱਚ ਸੰਤ ਕੁਲਵੰਤ ਰਾਮ ਭਰੋ ਮਾਜਰਾ ਨੇ ਆਖਿਆ ਕਿ ਇਹ ਵਿਦਿਆਰਥੀ ਆਪਣੇ ਬਿਹਤਰ ਭਵਿੱਖ ਦੀ ਰਾਖੀ ਲਈ ਸਿਰਫ਼ ਇੱਕ ਅਸਤੀਫ਼ੇ ਦੀ ਮੰਗ ਹੀ ਤਾਂ ਕਰ ਰਹੇ ਸਨ। ਉਨ੍ਹਾਂ ਨੇ ਸਰਕਾਰ ਤੋਂ ਕਿਸੇ ਮੰਤਰੀ, ਐਮ.ਐਲ.ਏ. ਜਾਂ ਐਮ.ਪੀ. ਦੀ ਕੁਰਸੀ ਨਹੀਂ ਸੀ ਮੰਗੀ, ਬਲਕਿ ਆਪਣੇ ਹੱਕਾਂ ਅਤੇ ਇਨਸਾਫ਼ ਦੀ ਗੱਲ ਕਰ ਰਹੇ ਸਨ। ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਆਵਾਜ਼ ਸੁਣਨ ਦੀ ਬਜਾਏ ਉਨ੍ਹਾਂ 'ਤੇ ਬੇਤਹਾਸ਼ਾ ਡਾਂਗਾਂ ਵਰ੍ਹਾਈਆਂ ਗਈਆਂ, ਜੋ ਕਿ ਲੋਕਤੰਤਰ ਦਾ ਘਾਣ ਹੈ। ਸਰਕਾਰ ਦੀ ਦੋਹਰੀ ਨੀਤੀ 'ਤੇ ਤਿੱਖਾ ਹਮਲਾ ਬੋਲਦਿਆਂ ਸੰਤ ਜੀ ਨੇ ਕਿਹਾ, "ਜੰਤਰ-ਮੰਤਰ 'ਤੇ ਧਰਨੇ 'ਚ ਬੈਠੇ ਇਹ ਬੱਚੇ ਆਮ ਅਤੇ ਗ਼ਰੀਬ ਪਰਿਵਾਰਾਂ ਦੇ ਹਨ। ਇੱਥੇ ਕਿਸੇ ਮੰਤਰੀ, ਐਮ.ਐਲ.ਏ. ਜਾਂ ਐਮ.ਪੀ. ਦਾ ਬੱਚਾ ਮੌਜੂਦ ਨਹੀਂ ਹੈ, ਕਿਉਂਕਿ ਲੀਡਰਾਂ ਨੇ ਤਾਂ




ਆਪਣੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਾ ਕੇ ਉੱਥੇ ਹੀ ਸੈੱਟ ਕੀਤੇ ਹੋਏ ਹਨ। ਜੇਕਰ ਅੱਜ ਇਸ ਧਰਨੇ ਵਿੱਚ ਇਨ੍ਹਾਂ ਮੰਤਰੀਆਂ ਦੇ ਆਪਣੇ ਬੱਚੇ ਹੁੰਦੇ, ਤਾਂ ਕੀ ਇਹ ਪੁਲਿਸ ਕੋਲੋਂ ਇਸੇ ਤਰ੍ਹਾਂ ਬਰਬਰਤਾਪੂਰਵਕ ਲਾਠੀਚਾਰਜ ਕਰਵਾਉਂਦੇ?"

ਉਨ੍ਹਾਂ ਆਖਿਆ ਕਿ ਦੇਸ਼ ਦਾ ਭਵਿੱਖ ਕਹਾਉਣ ਵਾਲੇ ਨੌਜਵਾਨਾਂ ਨਾਲ ਅਜਿਹਾ ਦੁਸ਼ਮਣਾਂ ਵਰਗਾ ਸਲੂਕ ਕਰਨਾ ਬਹੁਤ ਹੀ ਸ਼ਰਮਨਾਕ ਹੈ। ਸੰਤ ਕੁਲਵੰਤ ਰਾਮ ਭਰੋ ਮਾਜਰਾ ਨੇ ਮੰਗ ਕੀਤੀ ਕਿ ਵਿਦਿਆਰਥੀਆਂ ਉੱਪਰ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਮੰਨਿਆ ਜਾਵੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਵੱਲੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ 'ਤੇ ਕੀਤੇ ਗਏ ਅੰਨ੍ਹੇ ਤਸ਼ੱਦਦ ਨੇ ਪੂਰੇ ਭਾਰਤ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਦੇਸ਼ ਦੇ ਨੌਜਵਾਨਾਂ 'ਤੇ ਕੀਤਾ ਗਿਆ ਇਹ ਅੱਤਿਆਚਾਰ ਬਿਲਕੁਲ ਵੀ ਸਹਿਣਯੋਗ ਨਹੀਂ ਹੈ।ਸੰਤ ਕੁਲਵੰਤ ਰਾਮ ਭਰੋਮਾਜਰਾ ਨੇ ਆਖਿਆ ਕਿ ਇਹ ਵਿਦਿਆਰਥੀ ਅਤੇ ਵਿਦਿਆਰਥਣਾਂ ਆਪਣੇ ਚੰਗੇ ਭਵਿੱਖ ਦੀ ਰਾਖੀ ਲਈ ਸਿਰਫ਼ ਇੱਕ ਅਸਤੀਫ਼ੇ ਦੀ ਮੰਗ ਹੀ ਤਾਂ ਕਰ ਰਹੇ ਸਨ। ਉਨ੍ਹਾਂ ਨੇ ਸਰਕਾਰ ਤੋਂ ਕਿਸੇ ਮੰਤਰੀ, ਐਮ.ਐਲ.ਏ. ਜਾਂ ਐਮ.ਪੀ. ਦੀ ਕੁਰਸੀ ਨਹੀਂ ਸੀ ਮੰਗੀ, ਬਲਕਿ ਆਪਣੇ ਅਧਿਕਾਰਾਂ ਅਤੇ ਇਨਸਾਫ਼ ਦੀ ਗੱਲ ਕਰ ਰਹੇ ਸਨ। ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ 'ਤੇ ਬੇਤਹਾਸ਼ਾ ਡਾਂਗਾਂ ਵਰ੍ਹਾਈਆਂ ਗਈਆਂ, ਜੋ ਕਿ ਪੂਰਨ ਤੌਰ ਤੇ ਬਰਦਾਸ਼ਤ ਤੋਂ ਬਾਹਰ ਹਨ । ਉਹਨਾਂ ਕਿਹਾ ਕਿ ਸਰਕਾਰ ਦੀ ਦੋਹਰੀ ਨੀਤੀ 'ਤੇ ਤਿੱਖਾ ਪ੍ਰਹਾਰ ਕਰਦਿਆਂ ਸੰਤ ਕੁਲਵੰਤ ਰਾਮ ਨੇ ਕਿਹਾ, "ਜੰਤਰ-ਮੰਤਰ 'ਤੇ ਧਰਨੇ 'ਚ ਬੈਠੇ ਇਹ ਬੱਚੇ ਆਮ ਅਤੇ ਗ਼ਰੀਬ ਪਰਿਵਾਰਾਂ ਦੇ ਹਨ। ਇੱਥੇ ਕਿਸੇ ਮੰਤਰੀ, ਐਮ.ਐਲ.ਏ. ਜਾਂ ਐਮ.ਪੀ. ਦਾ ਬੱਚਾ ਮੌਜੂਦ ਨਹੀਂ ਹੈ, ਕਿਉਂਕਿ ਨੇਤਾਵਾਂ ਨੇ ਤਾਂ ਆਪਣੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਾ ਕੇ ਉੱਥੇ ਹੀ ਪੱਕੇ ਸੈੱਟ ਕੀਤੇ ਹੋਏ ਹਨ। ਜੇਕਰ ਅੱਜ ਇਸ ਧਰਨੇ ਵਿੱਚ ਇਨ੍ਹਾਂ ਮੰਤਰੀਆਂ ਦੇ ਆਪਣੇ ਧੀ-ਪੁੱਤ ਹੁੰਦੇ, ਤਾਂ ਕੀ ਇਹ ਪੁਲਿਸ ਕੋਲੋਂ ਉਨ੍ਹਾਂ 'ਤੇ ਇਸੇ ਤਰ੍ਹਾਂ ਬਰਬਰਤਾਪੂਰਵਕ ਲਾਠੀਚਾਰਜ ਕਰਵਾਉਂਦੇ?"

ਉਨ੍ਹਾਂ ਆਖਿਆ ਕਿ ਦੇਸ਼ ਦਾ ਭਵਿੱਖ ਕਹਾਉਣ ਵਾਲੇ ਨੌਜਵਾਨਾਂ ਨਾਲ ਅਜਿਹਾ ਧੱਕੇਸ਼ਾਹੀ ਭਰਿਆ ਵਤੀਰਾ ਕਰਨਾ ਲੋਕਤੰਤਰ ਦਾ ਘਾਣ ਹੈ। ਸੰਤ ਕੁਲਵੰਤ ਰਾਮ ਭਰੋਮਾਜਰਾ ਨੇ ਮੰਗ ਕੀਤੀ ਕਿ ਵਿਦਿਆਰਥੀਆਂ ਉੱਪਰ ਅੱਤਿਆਚਾਰ ਕਰਨ ਵਾਲੇ ਦੋਸ਼ੀਆਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਪ੍ਰਵਾਨ ਕੀਤਾ ਜਾਵੇ।

# ਕੇਂਦਰ ਸਰਕਾਰ ਗੁੰਡਾਗਰਦੀ ਦੀਆਂ ਸਾਰੀਆਂ ਹੱਦਾਂ ਟੱਪੀ ਅਤੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ - ਪੈਂਥਰ

**ਕਪੂਰਥਲਾ, 22 ਜੁਲਾਈ (ਕੌੜਾ )–** ਭਾਰਤ ਦੀ ਤਾਨਾਸ਼ਾਹ ਸਰਕਾਰ ਨੌਜਵਾਨਾਂ ਦੀ ਆਵਾਜ਼ਾਂ ਨੂੰ ਡੰਡੇ ਅਤੇ ਗੋਲੀਆਂ ਨਾਲ ਦਬਾਉਣਾ ਚਾਹੁੰਦੀ ਹੈ । ਲੱਗਭਗ ਇੱਕ ਮਹੀਨੇ ਤੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਲਗਾਤਾਰ ਸ਼ਾਂਤਮਈ ਧਰਨਾ ਦੇ ਰਹੇ ਦੇਸ਼ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਛੱਲੀਆਂ ਵਾਂਗ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ । ਸਰਕਾਰ ਨੌਜਵਾਨਾਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਹਰ ਹਾਲ ਵਿੱਚ ਕੁਚਲਣਾ ਚਾਹੁੰਦੀ ਹੈ । ਪੁਲਿਸ ਵੱਲੋਂ ਕੀਤੀ ਗਈ ਕੁੱਟਮਾਰ ਨਾਲ ਬਹੁਤ ਸਾਰੇ ਨੌਜਵਾਨ ਜ਼ਖਮੀ ਹੋ ਗਏ ਅਤੇ ਕਈਆਂ ਦੇ ਗੰਭੀਰ ਚੋਟਾਂ ਲੱਗੀਆਂ ਹਨ ਜਿਸ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ । ਇਹ ਸ਼ਬਦ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਰਜਿ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਸਾਬਕਾ ਜਨਰਲ ਸਕੱਤਰ ਅਮਰੀਕਾ ਵਿੱਚ ਰਹਿ ਰਹੇ ਅੰਬੇਡਕਰੀ ਵਿਚਾਰਧਾਰਾ ਦੇ ਧਾਰਨੀ ਧਰਮ ਪਾਲ ਪੈਂਥਰ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ । ਪੈਂਥਰ ਨੇ ਦੱਸਿਆ ਕਿ ਵਾਰ-ਵਾਰ ਨੀਟ ਦੀ ਪ੍ਰੀਖਿਆ ਅਤੇ ਹੋਰ ਪ੍ਰੀਖਿਆਵਾਂ ਦੇ ਪੇਪਰ ਲਗਾਤਾਰ ਲੀਕ ਹੋਣ ਨਾਲ ਦੇਸ਼ ਦੇ ਕਰੋੜਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਹੋ ਰਿਹਾ ਹੈ । ਪੇਪਰ ਲੀਕ ਹੋਣ ਨਾਲ ਵਿਦਿਆਰਥੀਆਂ ਦੀਆਂ ਉਮੀਦਾਂ ਧਰੀਆਂ ਧਰਾਈਆਂ ਰਹਿ



ਜਾਂਦੀਆਂ ਹਨ । ਵਿਦਿਆਰਥੀਆਂ ਵੱਲੋਂ ਇਸ ਸਿੱਖਿਆ ਦੀਆਂ ਘਟੀਆ ਨੀਤੀਆਂ ਅਤੇ ਸਿੱਖਿਆ ਮੰਤਰੀ ਸ਼੍ਰੀ ਧਰਮਿੰਦਰ ਪ੍ਰਧਾਨ ਨੂੰ ਜਿੰਮੇਵਾਰ ਠਹਿਰਾਇਆ ਗਿਆ ਹੈ । ਕਿਸੇ ਵੀ ਮਹਿਕਮੇ ਵਿੱਚ ਜੇਕਰ ਭ੍ਰਿਸ਼ਟਾਚਾਰ ਅਤੇ ਊਣਤਾਈਆਂ ਸਾਹਮਣੇ ਆਉਂਦੀਆਂ ਹਨ ਤਾਂ ਉਸ ਵਿਭਾਗ ਦਾ ਕੇਂਦਰੀ ਮੰਤਰੀ ਜਿੰਮੇਵਾਰ ਹੁੰਦਾ ਹੈ । ਸਿਸਟਮ ਵਿੱਚ ਭ੍ਰਿਸ਼ਟਾਚਾਰ ਅਤੇ ਨਕਾਮੀਆਂ ਦੇ ਖਿਲਾਫ਼ ਦੇਸ਼ ਦੇ ਨੌਜਵਾਨਾਂ ਵੱਲੋਂ ਭਾਰਤ ਸਰਕਾਰ ਤੋਂ ਸ਼੍ਰੀ ਧਰਮਿੰਦਰ ਪ੍ਰਧਾਨ ਤੋਂ ਅਸਤੀਫ਼ੇ ਦੀ ਮੰਗ ਕਰਨਾ ਕੋਈ ਗੁਨਾਹ ਨਹੀਂ ਹੈ । ਬੇਸ਼ੱਕ ਦੇਸ਼ ਦਾ ਹਰ ਮਹਿਕਮਾ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਫਸਿਆ ਹੋਇਆ ਹੈ ਪਰ ਸਰਕਾਰ ਆਪਣੇ ਮੰਤਰੀਆਂ ਖ਼ਿਲਾਫ਼ ਜਾਂਚ ਕਰਵਾਉਣ ਲਈ ਤਿਆਰ ਨਹੀਂ । ਦੇਸ਼ ਭਗਤੀ ਦਾ ਮਖੌਟਾ ਪਹਿਨਣ ਵਾਲੀ ਸਰਕਾਰ ਆਪਣੇ ਦੇਸ਼ ਦੇ ਨਾਗਰਿਕਾਂ ਅਤੇ ਵਿਰੋਧੀਆਂ ਦੀ ਆਵਾਜ਼ ਨੂੰ ਗੁੰਡਾਗਰਦੀ ਅਤੇ ਡੰਡਾਂਤੰਤਰ ਤਰੀਕੇ ਨਾਲ ਬੰਦ ਕਰਨਾ ਚਾਹੁੰਦੀ ਹੈ ਜੋ ਕਿ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ । ਮੀਡੀਆ ਰਿਪੋਰਟਾਂ ਨੂੰ ਦੇਖ ਕੇ ਦੇਸ਼ ਵਿਦੇਸ਼ ਵਿੱਚ ਰਹਿ ਰਹੇ ਹਰੇਕ ਭਾਰਤੀ ਹੀ ਨਹੀਂ ਬਲਕਿ ਹਰੇਕ ਇਨਸਾਨ ਦਾ ਦਿਲ ਪਸੀਜ ਗਿਆ । ਦੁਨੀਆਂ ਦੇ ਲੋਕ ਭਾਰਤ ਸਰਕਾਰ ਨੂੰ ਲਾਹਨਤਾਂ ਪਾ ਰਹੇ ਹਨ। ਸਰਕਾਰ ਦੀ ਸ਼ਹਿ ਹੇਠ ਲਗਾਤਾਰ ਨੌਜਵਾਨ ਲੜਕੇ ਅਤੇ ਲੜਕੀਆਂ ਨਾਲ ਕੁੱਟਮਾਰ ਹੋ ਰਹੀ ਜਿਸ ਦੀ ਰੱਜ ਕੇ ਨਿਖੇਧੀ ਕਰਦੇ ਹਨ । ਪੁਲਿਸ ਦੇ ਨਾਲ ਨਾਲ ਸਰਕਾਰੀ ਗੁੰਡੇ ਬਿਨਾਂ ਵਰਦੀਆਂ ਤੋਂ ਹੱਥਾਂ ਵਿੱਚ ਫੜੀਆਂ ਡਾਂਗਾਂ ਨਾਲ ਸ਼ਰੇਆਮ ਕੁੱਟਮਾਰ ਕਰ ਰਹੇ ਸਨ । ਇਹ ਲੋਕ ਕੌਣ ਸਨ ਇਹਨਾਂ ਦੀ ਵੀ ਉੱਚ ਪੱਧਰੀ ਜਾਂਚ ਕਰਵਾ ਕੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ । ਅੰਤ ਵਿੱਚ ਧਰਮ ਪਾਲ ਪੈਂਥਰ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇਸ਼ ਦੇ ਹਰੇਕ ਨਾਗਰਿਕ ਨੂੰ ਲੋਕਤੰਤਰੀ ਤਰੀਕੇ ਨਾਲ ਆਪਣੇ ਹੱਕ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਦੀ ਇਜਾਜ਼ਤ ਦਿੰਦਾ ਹੈ । ਪਰ ਮੌਜੂਦਾ ਸਰਕਾਰ ਆਪਣੀਆਂ ਨਕਾਮੀਆਂ ਨੂੰ ਛੁਪਾਉਣ ਲਈ ਹਰ ਹੀਲਾ ਵਰਤ ਰਹੀ ਹੈ । ਪੈਂਥਰ ਨੇ ਦੇਸ਼ ਦੀ ਰਾਸ਼ਟਰਪਤੀ ਮਾਣਯੋਗ ਸ੍ਰੀਮਤੀ ਦ੍ਰੋਪਦੀ ਮੁਰਮੂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਰਾਜ ਲਗਾਇਆ ਜਾਵੇ। ਕਿਉਂਕਿ ਮੌਜੂਦਾ ਸਰਕਾਰ ਗੁੰਡਾਗਰਦੀ ਦੀਆਂ ਸਾਰੀਆਂ ਹੱਦਾਂ ਟੱਪ ਚੁੱਕੀ ਹੈ ਅਤੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ।

# ਖਸਰਾ-ਰੁਬੈਲਾ ਦੇ ਖ਼ਾਤਮੇ ਦੇ ਟੀਚੇ ਨੂੰ ਹਾਸਲ ਕਰਨ ਲਈ ਕੋਈ ਵੀ ਯੋਗ ਬੱਚਾ ਟੀਕਾਕਰਨ ਤੋਂ ਵਾਂਝਾ ਨਾ ਰਹੇ : ਐੱਸ.ਐੱਮ.ਓ ਡਾ. ਸਤਿੰਦਰਜੀਤ ਕੌਰ

**ਨਵਾਂਸ਼ਹਿਰ, (ਮਨੋਰੰਜਨ ਕਾਲੀਆ )–:** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਿੰਦਰਜੀਤ ਕੌਰ ਨੇ ਬੁੱਧਵਾਰ ਨੂੰ ਆਯੂਸ਼ਮਾਨ ਆਰੋਗਿਆ ਕੇਂਦਰ ਲੰਗੜੋਆ, ਬਰਨਾਲਾ ਕਲਾਂ ਅਤੇ ਪੂਨੂੰ ਮਜਾਰਾ ਵਿਖੇ ਮਮਤਾ ਦਿਵਸ ਤਹਿਤ ਆਯੋਜਿਤ ਟੀਕਾਕਰਨ ਸੈਸ਼ਨਾਂ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਟੀਕਾਕਰਨ ਪ੍ਰਬੰਧਾਂ, ਲਾਭਪਾਤਰੀਆਂ ਦੀ ਹਾਜ਼ਰੀ, ਰਿਕਾਰਡ ਸੰਭਾਲ ਅਤੇ ਸੇਵਾਵਾਂ ਦੀ ਗੁਣਵੱਤਾ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ ਡਾ. ਸਤਿੰਦਰਜੀਤ ਕੌਰ ਨੇ ਐੱਲ.ਐੱਚ.ਵੀਜ਼, ਏ.ਐੱਨ.ਐੱਮਜ਼, ਆਸ਼ਾ ਵਰਕਰਾਂ ਅਤੇ ਹੋਰ ਸਿਹਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ 20 ਤੋਂ 25 ਜੁਲਾਈ, 2026 ਤੱਕ ਚੱਲ ਰਹੇ ਸੂਬਾ-ਪੱਧਰੀ ਐੱਮ.ਆਰ. ਕੈਚ-ਅੱਪ ਰਾਊਂਡ ਨੂੰ ਸਰਵਉੱਚ ਤਰਜੀਹ ਦੇ ਆਧਾਰ 'ਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਖਸਰਾ-ਰੁਬੈਲਾ ਦੇ ਖ਼ਾਤਮੇ ਦੇ ਟੀਚੇ ਨੂੰ ਹਾਸਲ ਕਰਨ ਲਈ ਕੋਈ ਵੀ ਯੋਗ ਬੱਚਾ ਟੀਕਾਕਰਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਸਿਹਤ ਟੀਮਾਂ ਨੂੰ ਯੂਵਿਨ, ਐੱਚ.ਐੱਮ.ਆਈ.ਐੱਸ. ਅਤੇ ਫੀਲਡ ਰਿਕਾਰਡਾਂ ਦੇ ਆਧਾਰ 'ਤੇ ਟੀਕਾਕਰਨ ਤੋਂ ਛੁੱਟੇ ਅਤੇ ਵਾਂਝੇ ਬੱਚਿਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਦਾ ਟੀਕਾਕਰਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਨਾਲ ਹੀ ਪ੍ਰਵਾਸੀ ਪਰਿਵਾਰਾਂ, ਇੱਟਾਂ ਦੇ ਭੱਠਿਆਂ, ਨਿਰਮਾਣ ਸਥਾਨਾਂ, ਦੂਰ-ਦੁਰਾਡੇ ਅਤੇ ਹੋਰ ਉੱਚ-ਜੋਖਮ ਵਾਲੇ ਖੇਤਰਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾ ਕੇ ਹਰ ਯੋਗ ਬੱਚੇ ਤੱਕ ਪਹੁੰਚਣ ਲਈ ਕਿਹਾ। ਡਾ. ਸਤਿੰਦਰਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਕਿ ਐੱਮ.ਆਰ.-1 ਅਤੇ ਐੱਮ.ਆਰ.-2 ਦੀ ਡਰਾਪਆਊਟ ਨੂੰ ਘਟਾਉਣਾ ਇਸ ਮੁਹਿੰਮ ਦਾ ਅਹਿਮ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆਂ ਨੇ ਪਹਿਲੀ ਖੁਰਾਕ ਲੈ ਲਈ ਹੈ, ਉਨ੍ਹਾਂ ਨੂੰ ਦੂਜੀ ਖੁਰਾਕ ਸਮੇਂ ਸਿਰ ਲਗਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਉਹ ਖਸਰਾ ਅਤੇ ਰੁਬੈਲਾ ਵਿਰੁੱਧ ਪੂਰੀ ਸੁਰੱਖਿਆ ਪ੍ਰਾਪਤ ਕਰ ਸਕਣ।ਉਨ੍ਹਾਂ ਨੇ ਘਰ-ਘਰ ਜਾਗਰੂਕਤਾ, ਮਾਪਿਆਂ ਦੀ ਕੌਂਸਲਿੰਗ, ਕੋਲਡ ਚੇਨ ਪ੍ਰਬੰਧਨ, ਟੀਕਿਆਂ ਅਤੇ ਹੋਰ ਲੋੜੀਂਦੇ ਸਾਮਾਨ ਦੀ ਉਪਲੱਬਧਤਾ, ਰੋਜ਼ਾਨਾ ਸਮੀਖਿਆ ਅਤੇ ਸਮੇਂ ਸਿਰ ਰਿਪੋਰਟਿੰਗ ਨੂੰ ਵੀ ਯਕੀਨੀ ਬਣਾਉਣ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦਾ ਉਦੇਸ਼ ਹਰ ਯੋਗ ਬੱਚੇ ਨੂੰ ਸੁਰੱਖਿਅਤ ਕਰਕੇ ਖਸਰਾ-ਰੁਬੈਲਾ ਮੁਕਤ ਪੰਜਾਬ ਦਾ ਸੁਪਨਾ ਸਾਕਾਰ ਕਰਨਾ ਹੈ।

# ਕਿਸਾਨਾਂ ਨੇ ਤਿੰਨ ਘੰਟੇ ਫ੍ਰੀ ਕੀਤਾ ਟੋਲ ਪਲਾਜ਼ਾ ਅਮਰੀਕਾ ਸਰਕਾਰ ਦੇ ਖਿਲਾਫ਼ ਜੰਮਕੇ ਕੀਤੀ ਨਾਅਰੇਬਾਜ਼ੀ

**ਬਲਾਚੌਰ 22 ਜੁਲਾਈ (ਜਤਿੰਦਰਪਾਲ ਸਿੰਘ ਕਲੇਰ )–** ਟੋਲ ਪਲਾਜ਼ਾ ਬੱਛੂਆਂ ਵਿਖੇ ਸੰਯੁਕਤ ਕਿਸਾਨ ਮੋਰਚਾ ਵਲੋਂ ਅਮਰੀਕਾ ਤੇ ਭਾਰਤ ਵਿਚ ਟਰੇਡ ਡੀਲ ਦੇ ਵਿਰੋਧ ਵਿਚ ਅੱਜ ਕਿਸਾਨਾਂ ਨੇ ਟੋਲ ਪਲਾਜ਼ਾ ਜੀਓਵਾਲ ਬੱਛੂਆਂ ਨੂੰ ਤਿੰਨ ਘੰਟੇ ਟੋਲ ਫ੍ਰੀ ਕਰਵਾਇਆ। ਇਸ ਮੌਕੇ ਇਕਠ ਨੂੰ ਸੰਬੋਧਨ ਕਰਦੇ ਹੋਏ ਪਵਨ ਸ਼ਰਮਾ ਕੌਮੀ ਕਿਸਾਨ ਯੂਨੀਅਨ, ਸੰਤੋਖ ਸਿੰਘ ਰੈਲਮਾਜਰਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਨਿਰਮਲ ਸਿੰਘ ਔਜਲਾ ਕੌਮੀ ਕਿਸਾਨ ਯੂਨੀਅਨ, ਨੇ ਕਿਹਾ ਕਿ ਸਾਮਰਾਜਵਾਦੀ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲ ਟਰੰਪ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਬੀਜੇਪੀ ਨੂੰ ਗਲੋਬਲ ਕਾਰਪੋਰੇਟਾ ਅਤੇ ਅਮਰੀਕੀ ਸਾਮ-ਰਾਜਵਾਦ ਦੇ ਅੱਗੇ ਝੁਕਣ ਤੋਂ ਰੋਕਿਆ ਜਾਵੇ। ਇਹ ਭਾਰਤ ਦੀ ਸਵੈ ਨਿਰਭਰਤਾ ਤੇ ਪ੍ਰਭੁਸਤਾ ਨੂੰ ਖਤਮ ਕਰੇਗਾ। ਕਿਸਾਨਾਂ ,ਮਜ਼ਦੂਰਾਂ , ਪੇਂਡੂ ਸ਼ਹਿਰੀ ਗਰੀਬਾਂ ਅਤੇ ਖੇਤੀਬਾੜੀ



ਉਦਯੋਗ ਨੂੰ ਬਰਬਾਦ ਕਰੇਗਾ। ਇਸ ਮੌਕੇ ਤੇ ਪਵਨ ਸ਼ਰਮਾ ਕੌਮੀ ਕਿਸਾਨ ਯੂਨੀਅਨ, ਸੰਤੋਖ ਸਿੰਘ ਰੈਲਮਾਜਰਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਨਿਰਮਲ ਸਿੰਘ ਔਜਲਾ ਕੌਮੀ ਕਿਸਾਨ ਯੂਨੀਅਨ, ਅਮਰਜੀਤ ਸਿੰਘ ਪ੍ਰਧਾਨ , ਕਰਨੈਲ ਸਿੰਘ ਭਲਾ, ਮੋਹਨ ਸਿੰਘ ਟੱਪਰੀਆਂ ਬੀਕੇਯੂ ਲੱਖੋਵਾਲ , ਸੁਰਿੰਦਰ ਸਿੰਘ ਬੈਂਸ ਕੇਕੇਯੂ, ਹਰਮੇਸ਼ ਸਿੰਘ ਢੇਸੀ ਕੇਕੇਯੂ, ਕੁਲਵੀਰ ਸਿੰਘ, ਰਣਜੀਤ ਸਿੰਘ ਰਾਣਾ, ਕੁਲ ਹਿੰਦ ਕਿਸਾਨ ਸਭਾ ਚਰਨਜੀਤ ਸਿੰਘ ਦੌਲਤਪੁਰ ਕੁਲ ਹਿੰਦ ਕਿਸਾਨ ਸਭਾ, ਸਤਨਾਮ ਸਿੰਘ ਗੁਲਾਟੀ ਜ਼ਮਹੂਰੀ





ਕਿਸਾਨ ਸਭਾ, ਹਰਵਿੰਦਰ ਸਿੰਘ ਥੋਪੀਆ, ਸੋਹਣ ਸਿੰਘ ਬਲਾਚੌਰ, ਪਰਮਜੀਤ ਸਿੰਘ ਰੋੜੀ , ਕੁਲਦੀਪ ਸਿੰਘ ਸੁੱਜੋ ਜਮਹੂਰੀ ਕਿਸਾਨ ਸਭਾ, ਕੁਲਵਿੰਦਰ ਸਿੰਘ ਚਾਹਲ ਕਿਰਤੀ ਕਿਸਾਨ ਯੂਨੀਅਨ, ਤਰਲੋਚਨ ਸਿੰਘ ਰੱਕੜ ਬੀਕੇਯੂ ਲੱਖੋਵਾਲ , ਗੋਰਾ ਸਜਾਵਲਪੁਰ , ਕੁਲਵਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ, ਗੁਰਮੁੱਖ ਸਿੰਘ ਬੀਕੇਯੂ , ਪਰਮਿੰਦਰ ਮੇਨਕਾ ਪੇਂਡੂ ਖੇਤ ਮਜਦੂਰ ਯੂਨੀਅਨ ਤੋ ਹਰ ਬਹੁਤ ਸਾਰੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।

# "ਬਲਾਚੌਰ 'ਚ ਨੁਮਾਇੰਦਗੀ ਦਾ ਅਸੰਤੁਲਨ" "ਅੱਖੋਂ ਪਰੋਖੇ ਹੋ ਰਹੇ ਸਮਾਜ"

**ਬਲਾਚੌਰ 23 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਉੱਘੇ ਸਮਾਜ ਸੇਵੀ ਅਤੇ ਸਾਬਕਾ ਸਰਪੰਚ ਬੇਲਾ ਤਾਜੋਵਾਲ ਜਗਦੀਸ਼ ਸਿੰਘ ਰੰਧਾਵਾ ਨੇ ਕਾਠਗੜ੍ਹ ਵਿਖੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਬਲਾਚੌਰ ਹਲਕਾ ਪੰਜਾਬ ਦੀ ਰਾਜਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇੱਥੇ ਜੱਟ, ਬ੍ਰਾਹਮਣ, ਰਾਜਪੂਤ, ਸੈਣੀ ਸਮੇਤ ਕਈ ਸਮਾਜ ਸਦੀਆਂ ਤੋਂ ਭਾਈਚਾਰੇ ਨਾਲ ਰਹਿੰਦੇ ਆਏ ਹਨ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਹਲਕੇ ਦੇ ਮੁੱਖ ਅਹੁਦਿਆਂ 'ਤੇ ਸਿਰਫ ਇੱਕ ਹੀ ਸਮਾਜ ਦੀ ਨੁਮਾਇੰਦਗੀ ਦੇਖਣ ਨੂੰ ਮਿਲ ਰਹੀ ਹੈ। ਹਲਕੇ ਦਾ ਐਮ.ਐਲ.ਏ, ਜਿਲ੍ਹਾ ਪਲੈਨਿੰਗ ਬੋਰਡ ਦਾ ਚੇਅਰਮੈਨ, ਮਾਰਕੀਟ ਕਮੇਟੀ ਦਾ ਚੇਅਰਮੈਨ ਅਤੇ ਬਲਾਕ ਸੰਮਤੀ ਦਾ ਚੇਅਰਮੈਨ - ਇਹ ਸਾਰੇ ਅਹੁਦੇ ਇੱਕ ਹੀ ਸਮਾਜ ਨੂੰ ਦੇ ਦਿੱਤੇ ਗਏ ਹਨ। ਜਦੋਂਕਿ ਬਾਕੀ ਸਮਾਜਾਂ ਦੀ ਵੱਡੀ ਆਬਾਦੀ ਦੇ ਬਾਵਜੂਦ ਉਨ੍ਹਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਲੋਕਤੰਤਰ ਦੀ ਭਾਵਨਾ ਇਹ ਹੈ ਕਿ ਹਰ ਵਰਗ ਨੂੰ ਬਰਾਬਰ ਮੌਕਾ ਮਿਲੇ। ਜੇਕਰ ਨੁਮਾਇੰਦਗੀ ਇਸ ਤਰ੍ਹਾਂ ਇੱਕ ਪਾਸੜ ਰਹੇਗੀ ਤਾਂ ਲੋਕਾਂ 'ਚ ਨਿਰਾਸ਼ਾ ਅਤੇ ਰੋਸ ਵਧਣਾ ਸੁਭਾਵਿਕ ਹੈ।

ਬਲਾਚੌਰ ਹਲਕੇ ਦੀ ਖੂਬਸੂਰਤੀ ਹੀ ਇਸਦੀ ਸਮਾਜਿਕ ਵਿਭਿੰਨਤਾ ਹੈ। ਜੱਟ ਕਿਸਾਨੀ ਕਰਦਾ ਹੈ, ਬ੍ਰਾਹਮਣ ਪੜ੍ਹਾਈ ਨਾਲ ਜੁੜਿਆ ਹੈ, ਰਾਜਪੂਤ ਅਤੇ ਸੈਣੀ ਸਮਾਜ ਵੀ ਹਲਕੇ ਦੀ ਤਰੱਕੀ 'ਚ ਅਹਿਮ ਯੋਗਦਾਨ ਪਾਉਂਦੇ ਹਨ। ਪਰ ਜਦੋਂ ਸਾਰੇ ਅਹੁਦੇ ਇੱਕ ਪਾਸੇ ਕੇਂਦਰਿਤ ਹੋ ਜਾਣ ਤਾਂ ਬਾਕੀ ਸਮਾਜਾਂ ਦੇ ਲੋਕ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰਦੇ ਹਨ। ਅੱਜ



ਸੜਕ, ਸਕੂਲ, ਹਸਪਤਾਲ ਅਤੇ ਵਿਕਾਸ ਦੇ ਕੰਮਾਂ ਲਈ ਲੋਕਾਂ ਨੂੰ ਕਈ ਵਾਰ ਇਹ ਸੁਣਨ ਨੂੰ ਮਿਲਦਾ ਹੈ ਕਿ "ਤੁਹਾਡਾ ਕੋਈ ਬੰਦਾ ਉੱਪਰ ਨਹੀਂ ਹੈ"। ਇਹ ਰਵੱਈਆ ਨਾ ਸਿਰਫ਼ ਸਮਾਜਿਕ ਭਾਈਚਾਰੇ ਨੂੰ ਕਮਜ਼ੋਰ ਕਰਦਾ ਹੈ ਸਗੋਂ ਲੋਕਤੰਤਰ ਦੇ ਮੂਲ ਸਿਧਾਂਤਾਂ ਦੇ ਵੀ ਵਿਰੁੱਧ ਹੈ। ਸੱਤਾ 'ਚ ਬੈਠੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਅਸੰਤੁਲਨ ਨੂੰ ਸਮਝਣ ਅਤੇ ਸਾਰੇ ਸਮਾਜਾਂ ਨੂੰ ਨਾਲ ਲੈ ਕੇ ਚੱਲਣ।

ਬਲਾਚੌਰ ਦੇ ਲੋਕ ਕਿਸੇ ਦੇ ਵਿਰੋਧੀ ਨਹੀਂ ਹਨ। ਉਨ੍ਹਾਂ ਦੀ ਸਿਰਫ ਇਹ ਮੰਗ ਹੈ ਕਿ ਹਲਕੇ ਦੇ ਵਿਕਾਸ ਅਤੇ ਫੈਸਲਿਆਂ 'ਚ ਹਰ ਸਮਾਜ ਦੀ ਹਿੱਸੇਦਾਰੀ ਹੋਵੇ। ਜੇਕਰ ਸਾਰੇ ਅਹੁਦੇ ਇੱਕ ਹੀ ਸਮਾਜ ਕੋਲ ਰਹਿਣਗੇ ਤਾਂ ਦੂਜੇ ਸਮਾਜਾਂ ਦੇ ਨੌਜਵਾਨਾਂ 'ਚ ਇਹ ਸੁਨੇਹਾ ਜਾਵੇਗਾ ਕਿ ਉਨ੍ਹਾਂ ਲਈ ਕੋਈ ਥਾਂ ਨਹੀਂ ਹੈ। ਇਹ ਸਥਿਤੀ ਲੰਬੇ ਸਮੇਂ ਲਈ ਹਲਕੇ ਲਈ ਠੀਕ ਨਹੀਂ। ਅਸੀਂ ਸਰਕਾਰ ਅਤੇ ਪਾਰਟੀ ਹਾਈਕਮਾਨ ਤੋਂ ਮੰਗ ਕਰਦੇ ਹਾਂ ਕਿ ਆਉਣ ਵਾਲੇ ਸਮੇਂ 'ਚ ਨਿਯੁਕਤੀਆਂ ਕਰਦੇ ਸਮੇਂ ਸਮਾਜਿਕ ਸੰਤੁਲਨ ਦਾ ਧਿਆਨ ਰੱਖਿਆ ਜਾਵੇ। ਤਾਂ ਜੋ ਬਲਾਚੌਰ ਹਲਕਾ ਫਿਰ ਤੋਂ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਮਿਸਾਲ ਬਣ ਸਕੇ।

# ਪਿੰਡ ਰੈਲਮਾਜਰਾ ਦਾ ਬਾਬਾ ਬਾਲਕ ਨਾਥ ਮੰਦਿਰ ਵਿਚ ਮੂਰਤੀ ਸਥਾਪਨਾ ਦਿਵਸ ਮਨਾਇਆ





**ਬਲਾਚੌਰ 22 ਜੁਲਾਈ (ਜਤਿੰਦਰਪਾਲ ਸਿੰਘ ਕਲੇਰ )–** ਪਿੰਡ ਰੈਲਮਾਜਾਰਾ ਦੇ ਬਾਬਾ ਬਾਲਕ ਨਾਥ ਮੰਦਿਰ ਵਿਚ ਮੂਰਤੀ ਸਥਾਪਨਾ ਦੇ ਸਬੰਧ ਵਿਚ ਕਲ ਰੋਜ਼ ਤੋ ਸ਼੍ਰੀ ਰਾਮਾਇਣ ਜੀ ਦੀ ਪਾਠ ਰਖਿਆ ਗਿਆ ਙ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਣ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਅਤੇ ਸਮਾਜ ਸੇਵੀ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਦੱਸਿਆ ਕਿ ਰਮਾਇਣ ਦੇ ਪਾਠ ਭੋਗ ਸੁਆਮੀ ਦਿਆਲ ਦਾਸ ਜੀ ਮਹਾਰਾਜ ਵਲੋਂ ਪਾਏ ਗਏਙ ਇਸ ਤੋ ਉਪਰੰਤ ਬਾਬਾ ਦਾ ਭੰਡਾਰਾ ਅਟੁਟ ਵਰਤਾਇਆ ਗਿਆਙ ਇਸ ਮੌਕੇ ਤੇ ਪ੍ਰਧਾਨ ਮੰਗਤ ਰਾਣਾ, ਸੰਜੀਵ ਰਾਣਾ ਭੋਲਾ, ਸ਼ਮਸ਼ੇਰ ਸਿੰਘ ਸ਼ੇਰਾ , ਪ੍ਰਦੀਪ ਕੁਮਾਰ ਸ਼ਰਮਾ, ਰਮੇਸ਼ ਸ਼ਰਮਾ, ਪ੍ਰਦੀਪ ਕੁਮਾਰ ਸ਼ਰਮਾ,



ਪਵਨ ਸ਼ਰਮਾ , ਚੌਧਰੀ , ਕ੍ਰਿਸ਼ਨਪਾਲ ਰਾਣਾ, ਸਤਪਾਲ ਧੀਮਾਨ, ਅਮਰਨਾਥ , ਸੇਠੀ ਚੌਧਰੀ, ਬ੍ਰਿਜਮੋਹਨ ਸ਼ਰਮਾ, ਸੱਤਪਾਲ ਧੀਮਾਨ, ਬ੍ਰਿਜਮੋਹਨ ਸ਼ਰਮਾ, ਮਹਿੰਦਰ ਭੂੰਬਲਾ ਸਮੇਤ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਇੰਗਲੈਂਡ ਵੱਸਦੇ ਐਨ.ਆਰ.ਆਈ ਭਾਈਚਾਰੇ ਨੇ ਜਸਬੀਰ ਸਿੰਘ ਗਿੱਲ ਡਿੰਪਾ ਦੀ ਉਮੀਦਵਾਰੀ ਦੀ ਕੀਤੀ ਜ਼ੋਰਦਾਰ ਵਕਾਲਤ

**2027 ਦੀਆਂ ਵਿਧਾਨ ਸਭਾ ਚੋਣਾਂ ਲਈ ਅੰਮ੍ਰਿਤਸਰ ਪੂਰਬੀ ਤੋਂ ਡਿੰਪਾ ਸਭ ਤੋਂ ਯੋਗ ਤੇ ਮਜ਼ਬੂਤ ਚਿਹਰਾ, ਕਾਗਰਸ ਹਾਈਕਮਾਨ ਕੋਲ ਕੀਤੀ ਮੰਗ**

**ਲੈਸਟਰ(ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਵਿੱਚ ਵੱਸਦੇ ਪੰਜਾਬੀ ਐਨ.ਆਰ.ਆਈ ਭਾਈਚਾਰੇ ਨੇ ਸਾਬਕਾ ਸੰਸਦ ਮੈਂਬਰ ਜਸਬੀਰ ਸਿੰਘ ਗਿੱਲ ਡਿੰਪਾ ਦੇ ਹੱਕ ਵਿੱਚ ਇੱਕਜੁੱਟ ਹੁੰਦਿਆਂ ਕਿਹਾ ਹੈ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਗਰਸ ਵੱਲੋ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਉਹ ਸਭ ਤੋਂ ਯੋਗ, ਮਜ਼ਬੂਤ ਅਤੇ ਲੋਕਪ੍ਰਿਯ ਉਮੀਦਵਾਰ ਸਾਬਤ ਹੋ ਸਕਦੇ ਹਨ। ਐਨ.ਆਰ.ਆਈ ਆਗੂਆਂ ਨੇ ਕਿਹਾ ਕਿ ਸ. ਡਿੰਪਾ ਨੇ ਆਪਣੇ ਜਨਤਕ ਅਤੇ ਰਾਜਨੀਤਿਕ ਜੀਵਨ ਦੌਰਾਨ ਲੋਕਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਸ਼ਮੂਲੀਅਤ ਕੀਤੀ ਹੈ,ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕੀਤੀ ਹੈ। ਇਸ ਲਈ ਪਾਰਟੀ ਨੂੰ ਉਨ੍ਹਾਂ ਦੇ ਲੰਬੇ ਤਜਰਬੇ ਅਤੇ ਲੋਕਪ੍ਰਿਯਤਾ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ।

ਇਸ ਮੌਕੇ ਇੰਗਲੈਂਡ ਵੱਸਦੇ ਪ੍ਰਮੁੱਖ ਐਨ.ਆਰ.ਆਈ ਆਗੂ ਰੁਪਿੰਦਰ ਸਿੰਘ, ਹਰਕੀਰਤ ਸਿੰਘ ਸੰਧੂ, ਬਲਜਿੰਦਰ ਸਿੰਘ, ਰਣਜੀਤ ਸਿੰਘ ਅਤੇ ਸੰਨੀ ਚੌਪੜਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਭਾਵੇਂ ਉਹ ਹਜ਼ਾਰਾਂ ਮੀਲ ਦੂਰ ਇੰਗਲੈਂਡ ਵਿੱਚ ਰਹਿੰਦੇ ਹਨ, ਪਰ ਪੰਜਾਬ ਅਤੇ ਆਪਣੇ ਜੱਦੀ ਇਲਾਕਿਆਂ ਨਾਲ ਉਨ੍ਹਾਂ ਦਾ ਰਿਸ਼ਤਾ ਅੱਜ ਵੀ ਪਹਿਲਾਂ ਵਾਂਗ ਮਜ਼ਬੂਤ ਹੈ। ਉਹ ਪੰਜਾਬ ਦੀ ਰਾਜਨੀਤੀ ਅਤੇ ਲੋਕ ਹਿੱਤ ਦੇ ਮੁੱਦਿਆਂ 'ਤੇ ਲਗਾਤਾਰ ਨਜ਼ਰ ਰੱਖਦੇ ਹਨ ਅਤੇ ਚਾਹੁੰਦੇ ਹਨ ਕਿ ਸੂਬੇ ਦੀ ਅਗਵਾਈ ਅਜਿਹੇ ਲੋਕਾਂ ਦੇ ਹੱਥਾਂ ਵਿੱਚ ਹੋਵੇ ਜੋ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰ ਸਕਣ।


ਜਸਬੀਰ ਸਿੰਘ ਗਿੱਲ ਡਿੰਪਾ

ਉਨ੍ਹਾਂ ਕਿਹਾ ਕਿ ਜਸਬੀਰ ਸਿੰਘ ਗਿੱਲ ਡਿੰਪਾ ਨੇ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕੀਤਾ ਅਤੇ ਹਰ ਵਰਗ ਦੇ ਲੋਕਾਂ ਨਾਲ ਨਜ਼ਦੀਕੀ ਬਣਾਈ ਰੱਖੀ। ਉਨ੍ਹਾਂ ਦੀ ਸਾਦਗੀ, ਮਿਲਣਸਾਰ ਸੁਭਾਅ ਅਤੇ ਲੋਕ ਸੇਵਾ ਪ੍ਰਤੀ ਵਚਨਬੱਧਤਾ ਕਾਰਨ ਉਹ ਅੱਜ ਵੀ ਲੋਕਾਂ ਵਿੱਚ ਇੱਕ ਮਜ਼ਬੂਤ ਪਛਾਣ ਰੱਖਦੇ ਹਨ।

ਐਨ.ਆਰ.ਆਈ ਆਗੂਆਂ ਨੇ ਕਿਹਾ ਕਿ ਅੰਮ੍ਰਿਤਸਰ ਪੂਰਬੀ ਵਰਗੇ ਅਹਿਮ ਹਲਕੇ ਨੂੰ ਇੱਕ ਤਜਰਬੇਕਾਰ, ਸਾਫ਼-ਸੁਥਰੇ ਅਕਸ ਅਤੇ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਆਗੂ ਦੀ ਲੋੜ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜਸਬੀਰ ਸਿੰਘ ਗਿੱਲ ਡਿੰਪਾ ਇਨ੍ਹਾਂ ਸਾਰੀਆਂ ਕਸੌਟੀਆਂ 'ਤੇ ਖਰੇ ਉਤਰਦੇ ਹਨ, ਅਤੇ ਜੇਕਰ ਕਾਗਰਸ ਪਾਰਟੀ ਉਨ੍ਹਾਂ ਨੂੰ ਉਮੀਦਵਾਰ ਬਣਾਉਂਦੀ ਹੈ, ਤਾਂ ਉਹ ਵੱਡੇ ਫਰਕ ਨਾਲ ਜਿੱਤ ਹਾਸਲ ਕਰਨ ਦੀ ਸਮਰੱਥਾ ਰੱਖਦੇ ਹਨ।

ਉਨ੍ਹਾਂ ਕਿਹਾ ਕਿ ਇੰਗਲੈਂਡ ਵੱਸਦੇ ਪੰਜਾਬੀ ਸਿਰਫ਼ ਆਰਥਿਕ ਤੌਰ 'ਤੇ ਹੀ ਨਹੀਂ, ਸਗੋਂ ਸਮਾਜਿਕ ਅਤੇ ਜਨ-ਭਲਾਈ ਦੇ ਕੰਮਾਂ ਵਿੱਚ ਵੀ ਆਪਣੇ ਵਤਨ ਨਾਲ ਜੁੜੇ ਰਹਿੰਦੇ ਹਨ। ਪੰਜਾਬ ਦੇ ਵਿਕਾਸ ਅਤੇ ਬਿਹਤਰੀ ਲਈ ਉਹ ਹਮੇਸ਼ਾ ਆਪਣਾ ਯੋਗਦਾਨ ਪਾਉਣ ਲਈ ਤਿਆਰ ਰਹਿੰਦੇ ਹਨ। ਇਸ ਲਈ ਉਹ ਚਾਹੁੰਦੇ ਹਨ ਕਿ ਰਾਜਨੀਤੀ ਵਿੱਚ ਵੀ ਅਜਿਹੇ ਲੋਕਾਂ ਨੂੰ ਅੱਗੇ ਲਿਆਂਦਾ ਜਾਵੇ ਜੋ ਵਿਕਾਸ ਅਤੇ ਲੋਕ ਸੇਵਾ ਨੂੰ ਪਹਿਲ ਦੇਣ।

ਐਨ.ਆਰ.ਆਈ ਭਾਈਚਾਰੇ ਨੇ ਕਾਗਰਸ ਹਾਈਕਮਾਨ ਨੂੰ ਅਪੀਲ ਕੀਤੀ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਜਸਬੀਰ ਸਿੰਘ ਗਿੱਲ ਡਿੰਪਾ ਨੂੰ ਉਮੀਦਵਾਰ ਬਣਾਇਆ ਜਾਵੇ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਪੰਜਾਬੀ ਉਨ੍ਹਾਂ ਦੀ ਹਮਾਇਤ ਲਈ ਪੂਰੀ ਤਾਕਤ ਨਾਲ ਮੈਦਾਨ ਵਿੱਚ ਉਤਰਨਗੇ ਅਤੇ ਜਿੱਤ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯੋਗਦਾਨ ਪਾਉਣਗੇ।

ਅੰਤ ਵਿੱਚ ਰੁਪਿੰਦਰ ਸਿੰਘ, ਹਰਕੀਰਤ ਸਿੰਘ ਸੰਧੂ, ਬਲਜਿੰਦਰ ਸਿੰਘ, ਰਣਜੀਤ ਸਿੰਘ ਅਤੇ ਸੰਨੀ ਚੌਪੜਾ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਵੀ ਜਸਬੀਰ ਸਿੰਘ ਗਿੱਲ ਡਿੰਪਾ ਦੇ ਹੱਕ ਵਿੱਚ ਆਪਣਾ ਸਮਰਥਨ ਜਾਰੀ ਰੱਖਣਗੇ ਅਤੇ ਇੰਗਲੈਂਡ ਵੱਸਦੇ ਪੰਜਾਬੀਆਂ ਨੂੰ ਵੀ ਇਸ ਮੁਹਿੰਮ ਨਾਲ ਜੋੜਨ ਲਈ ਯਤਨ ਕਰਨਗੇ, ਤਾਂ ਜੋ ਪੰਜਾਬ ਨੂੰ ਇੱਕ ਇਮਾਨਦਾਰ, ਤਜਰਬੇਕਾਰ ਅਤੇ ਲੋਕ-ਪੱਖੀ ਲੀਡਰਸ਼ਿਪ ਮਿਲ ਸਕੇ।

# ਹਰਿਆਣਾ ਵਿੱਚ ਗੈਂਗਸਟਰਵਾਦ ਖ਼ਿਲਾਫ਼ ਫੈਸਲਾਕੁੰਨ ਕਾਰਵਾਈ ਦਾ ਸਮਾਂ, ਸੰਗਠਿਤ ਅਪਰਾਧ ਪ੍ਰਤੀ ਜ਼ੀਰੋ ਟੌਲਰੈਂਸ ਨੀਤੀ ਅਪਣਾਏ ਸਰਕਾਰ: ਸੰਜੈ ਰਾਠੀ

**ਚੰਡੀਗੜ੍ਹ, 22 ਜੁਲਾਈ (ਗੁਰਭਿੰਦਰ ਗੁਰੀ)** ਮੀਡੀਆ ਕੌਂਸਲ ਆਫ਼ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੈ ਰਾਠੀ ਨੇ ਹਰਿਆਣਾ ਵਿੱਚ ਵੱਧ ਰਹੇ ਗੈਂਗਸਟਰ ਨੈੱਟਵਰਕ, ਫਿਰੌਤੀ ਦੀਆਂ ਧਮਕੀਆਂ ਅਤੇ ਸੰਗਠਿਤ ਅਪਰਾਧ ਦੀਆਂ ਵਧਦੀਆਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਰਾਜ ਸਰਕਾਰ ਅਪਰਾਧੀਆਂ ਅਤੇ ਉਨ੍ਹਾਂ ਦੇ ਸਰਪ੍ਰਸਤੀ ਤੰਤਰ ਵਿਰੁੱਧ ਪੂਰੀ ਦ੍ਰਿੜਤਾ ਨਾਲ ਫੈਸਲਾਕੁੰਨ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਪ੍ਰਭਾਵਸ਼ਾਲੀ ਕਦਮ ਨਾ ਚੁੱਕੇ ਗਏ ਤਾਂ ਇਹ ਰੁਝਾਨ ਸਮਾਜ, ਉਦਯੋਗ, ਵਪਾਰ, ਸਿਹਤ ਖੇਤਰ ਅਤੇ ਨਿਵੇਸ਼ ਦੇ ਮਾਹੌਲ ਲਈ ਗੰਭੀਰ ਚੁਣੌਤੀ ਬਣ ਸਕਦਾ ਹੈ।

ਸੰਜੈ ਰਾਠੀ ਨੇ ਕਿਹਾ ਕਿ ਦੇਸ਼ ਦੇ ਪ੍ਰਸਿੱਧ ਦਿਲਾਂ ਦੇ ਰੋਗਾਂ ਦੇ ਮਾਹਿਰ ਅਤੇ ਹੋਲੀ ਹਾਰਟ ਹਸਪਤਾਲ ਦੇ ਡਾਇਰੈਕਟਰ ਡਾ. ਆਦਿਤਿਆ ਬਤਰਾ ਦੇ ਦੇਹਾਂਤ ਨਾਲ ਪੂਰਾ ਮੈਡੀਕਲ ਜਗਤ ਸਦਮੇ ਵਿੱਚ ਹੈ। ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਦਿਹਾਂਤ ਦਿਲ ਦਾ ਦੌਰਾ ਪੈਣ ਕਾਰਨ ਹੋਇਆ। ਇਸ ਦੇ ਨਾਲ ਹੀ ਵੱਖ-ਵੱਖ ਮਾਧਿਅਮਾਂ ਵਿੱਚ ਇਹ ਚਰਚਾ ਵੀ ਰਹੀ ਕਿ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਕਥਿਤ ਤੌਰ 'ਤੇ ਫਿਰੌਤੀ ਦੀਆਂ ਧਮਕੀਆਂ ਮਿਲ ਰਹੀਆਂ ਸਨ, ਜਿਸ ਕਾਰਨ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਵੀ ਮੁਹੱਈਆ



ਕਰਵਾਈ ਗਈ ਸੀ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਇਹ ਸਾਬਤ ਹੁੰਦਾ ਹੈ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਅਤੇ ਮਾਨਸਿਕ ਤਣਾਅ ਦਾ ਉਨ੍ਹਾਂ ਦੀ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਿਆ, ਤਾਂ ਇਹ ਬੇਹੱਦ ਚਿੰਤਾਜਨਕ ਮਾਮਲਾ ਹੋਵੇਗਾ। ਇਸ ਲਈ ਪੂਰੇ ਮਾਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਡੂੰਘੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਸਾਰੇ ਤੱਥ ਸਾਹਮਣੇ ਆ ਸਕਣ ਅਤੇ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਵੇ।

ਰਾਠੀ ਨੇ ਕਿਹਾ ਕਿ ਅੱਜ ਹਰਿਆਣਾ ਵਿੱਚ ਕਈ ਵਪਾਰੀ, ਡਾਕਟਰ, ਉਦਯੋਗਪਤੀ ਅਤੇ ਹੋਰ ਪ੍ਰਮੁੱਖ ਨਾਗਰਿਕ ਗੈਂਗਸਟਰਾਂ ਦੀਆਂ ਧਮਕੀਆਂ ਦਾ ਸਾਹਮਣਾ ਕਰ ਰਹੇ ਹਨ। ਕਈ ਗਿਰੋਹ ਵਿਦੇਸ਼ਾਂ ਵਿੱਚ ਬੈਠ ਕੇ ਵੀ ਕਥਿਤ ਤੌਰ 'ਤੇ ਆਪਣੇ ਨੈੱਟਵਰਕ ਚਲਾ ਰਹੇ ਹਨ ਅਤੇ ਆਧੁਨਿਕ ਤਕਨਾਲੋਜੀ ਰਾਹੀਂ ਫਿਰੌਤੀ ਮੰਗਣ ਅਤੇ ਡਰ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕੇਵਲ ਕਾਨੂੰਨ-ਵਿਵਸਥਾ ਦਾ ਹੀ ਨਹੀਂ, ਸਗੋਂ ਆਮ ਲੋਕਾਂ ਦੇ ਭਰੋਸੇ ਅਤੇ ਲੋਕਤੰਤਰੀ ਪ੍ਰਣਾਲੀ ਦੀ ਸੁਰੱਖਿਆ ਦਾ ਵੀ ਮਾਮਲਾ ਹੈ।ਮੀਡੀਆ ਕੌਂਸਲ ਆਫ਼ ਜਰਨਲਿਸਟਸ ਨੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਸੰਗਠਿਤ ਅਪਰਾਧ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾਵੇ, ਫਿਰੌਤੀ ਦੇ ਮਾਮਲਿਆਂ ਦੀ ਤੇਜ਼ੀ ਨਾਲ ਜਾਂਚ ਯਕੀਨੀ ਬਣਾਈ ਜਾਵੇ, ਪੀੜਤਾਂ ਨੂੰ ਪ੍ਰਭਾਵਸ਼ਾਲੀ ਸੁਰੱਖਿਆ ਦਿੱਤੀ ਜਾਵੇ ਅਤੇ ਅਪਰਾਧੀਆਂ ਨਾਲ-ਨਾਲ ਉਨ੍ਹਾਂ ਦੇ ਸਹਿਯੋਗੀ ਨੈੱਟਵਰਕ ਖ਼ਿਲਾਫ਼ ਵੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਲੋੜ ਪੈਣ 'ਤੇ ਰਾਜ ਅਤੇ ਕੇਂਦਰੀ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਸਥਾਪਿਤ ਕਰਕੇ ਵਿਦੇਸ਼ਾਂ ਤੋਂ ਚੱਲ ਰਹੇ ਕਥਿਤ ਅਪਰਾਧਿਕ ਨੈੱਟਵਰਕਾਂ 'ਤੇ ਵੀ ਪ੍ਰਭਾਵਸ਼ਾਲੀ ਕਾਰਵਾਈ ਕੀਤੀ ਜਾਵੇ।

ਸੰਜੈ ਰਾਠੀ ਨੇ ਕਿਹਾ ਕਿ ਹਰਿਆਣਾ ਪੁਲਿਸ ਨੇ ਕਈ ਮਾਮਲਿਆਂ ਵਿੱਚ ਸਰਾਹਣਯੋਗ ਕੰਮ ਕੀਤਾ ਹੈ, ਪਰ ਬਦਲਦੇ ਅਪਰਾਧਿਕ ਤਰੀਕਿਆਂ ਨੂੰ ਦੇਖਦੇ ਹੋਏ ਹੋਰ ਮਜ਼ਬੂਤ ਰਣਨੀਤੀ, ਆਧੁਨਿਕ ਤਕਨੀਕੀ ਸਾਧਨਾਂ ਅਤੇ ਦ੍ਰਿੜ੍ਹ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹਾ ਮਾਹੌਲ ਬਣਨਾ ਚਾਹੀਦਾ ਹੈ ਜਿਸ ਵਿੱਚ ਅਪਰਾਧੀਆਂ ਦੇ ਮਨ ਵਿੱਚ ਕਾਨੂੰਨ ਦਾ ਡਰ ਹੋਵੇ ਅਤੇ ਆਮ ਨਾਗਰਿਕਾਂ ਦੇ ਮਨ ਵਿੱਚ ਸੁਰੱਖਿਆ ਦਾ ਭਰੋਸਾ।

# ਜ਼ਿਲ੍ਹੇ ਵਿਚ ਮੂੰਹ ਢੱਕ ਕੇ ਡਰਾਈਵਿੰਗ ਕਰਨ 'ਤੇ ਲਗਾਈ ਪਾਬੰਦੀ

**ਨਵਾਂਸ਼ਹਿਰ, 22 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋਪਹੀਆ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ੍ਹ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ



'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲਰਜੀ ਦੀ ਵਜ੍ਹਾ ਕਾਰਨ ਮੈਡੀਕਲ ਸੁਪਰਵਿਜ਼ਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ਼ ਪਹਿਨੀ ਹੋਵੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿਚ ਦੱਸਿਆ ਹੈ ਕਿ ਬਾਜ਼ਾਰਾਂ ਵਿਚ ਆਮ ਤੌਰ ਤੇ ਮੂੰਹ ਢੱਕ ਕੇ ਵਾਹਨ ਚਾਲਕਾਂ (ਖਾਸ ਤੌਰ 'ਤੇ ਦੋਪਹੀਆ ਵਾਹਨ ਚਾਲਕਾਂ) ਵੱਲੋਂ ਲੁਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਿਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 19 ਸਤੰਬਰ 2026ਤੱਕ ਲਾਗੂ ਰਹਿਣਗੇ।

# ਜੰਤਰ ਮੰਤਰ ਦਿੱਲੀ ਵਿਖੇ ਵਿਦਿਆਰਥੀਆਂ ’ਤੇ ਤਸ਼ੱਦਦ ਦੀ ਨਿਖੇਧੀ


## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਆਰ.ਐਸ.ਐਸ. ਦੇ ਫ਼ਿਰਕੂ ਸਮਾਗਮ ਕਰਵਾਉਣੇ .ਗੈਰ ਸੰਵਿਧਾਨਕ – ਤਰਕਸ਼ੀ.ਲ ਸੁਸਾਇਟੀ

**ਸੰਗਰੂਰ 21 ਜੁਲਾਈ 2026** ਤਰਕਸ਼ੀ.ਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਨੇ ਨੀਟ ਦੇ ਪੇਪਰ ਲੀਕ ਮੁੱਦੇ ਸਮੇਤ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਜੰਤਰ ਮੰਤਰ ਤੋਂ ਸੰਸਦ ਭਵਨ ਤੱਕ ਰੋਸ ਮਾਰਚ ਕਰ ਰਹੇ ਵਿਦਿਆਰਥੀਆਂ ਉਤੇ ਦਿੱਲੀ ਪੁਲੀਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ, ਅੰਨ੍ਹੇਵਾਹ ਲਾਠੀਚਾਰਜ ਕਰਨ, ਗ੍ਰਿਫ਼ਤਾਰ ਕਰਨ ਅਤੇ ਪੰਡਾਲ ਦੀ ਤੋੜ ਭੰਨ ਕਰਕੇ ਜਬਰੀ ਧਰਨਾ ਉਠਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਵਿੱਚ ਮਗਨਰੇਗਾ ਕਰਮਚਾਰੀਆਂ ਉੱਤੇ ਅੰਨ੍ਹੇਵਾਹ ਲਾਠੀਚਾਰਜ ਕਰਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੰਪਲੈਕਸ ਵਿੱਚ ਆਰ.ਐਸ.ਐਸ.ਨਾਲ ਸੰਬੰਧਿਤ ਫ਼ਿਰਕੂ ਸਮਾਗਮ ਦਾ ਵਿਰੋਧ ਕਰਦੇ ਵਿਦਿਆਰਥੀਆਂ ਨਾਲ ਧੂਹ ਘੜੀਸ ਅਤੇ ਬਦਸਲੂਕੀ ਕਰਨ ਦੀ ਵੀ ਨਿੰਦਾ ਕੀਤੀ ਹੈ। ਇਸ ਸਬੰਧੀ ਇੱਕ ਮੀਟਿੰਗ ਕਰਨ ਉਪਰੰਤ ਰੋਸ ਜ਼ਾਹਿਰ ਕਰਦਿਆਂ ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਪ੍ਰਗਟ ਸਿੰਘ,



ਲੈਕਚਰਾਰ ਕ੍ਰਿਸ਼ਨ ਸਿੰਘ, ਮਾਸਟਰ ਗੁਰਜੰਟ ਸਿੰਘ ਨੇ ਕਿਹਾ ਕਿ ਦੇਸ਼ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੇਪਰ ਲੀਕ,ਬੇਰੁਜ਼ਗਾਰੀ ਅਤੇ ਨਖਿਧ ਹੋਏ ਸਿੱਖਿਆ ਢਾਂਚੇ ਸਮੇਤ ਮੌਜੂਦਾ ਹਕੂਮਤ ਦੀਆਂ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਅਤੇ ਭ੍ਰਿਸ਼ਟ ਕਾਰਵਾਈਆਂ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਨ ਦਾ ਸੰਵਿਧਾਨਕ ਹੱਕ ਹੈ ਪਰ ਕੇਂਦਰ ਸਰਕਾਰ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨ ਦੀ ਥਾਂ ਅਸਹਿਮਤੀ ਅਤੇ ਸਿਆਸੀ ਵਿਰੋਧੀਆਂ ਦੀਆਂ ਆਵਾਜ਼ਾਂ ਨੂੰ ਲਾਠੀ ਅਤੇ ਗੋਲੀ ਦੇ ਤਾਨਾਸ਼ਾਹੀ ਹੱਥਕੰਡਿਆਂ ਰਾਹੀਂ ਦਬਾਉਣ ਦੀ ਨੀਤੀ ਅਪਣਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਸ਼ਾਸ਼ਨ ਵੱਲੋਂ ਕੁੱਝ ਦਿਨ ਪਹਿਲਾਂ ਵਿਦਿਆਰਥੀ ਜਥੇਬੰਦੀਆਂ ਨੂੰ ਆਰ.ਐਸ.ਐਸ. ਨਾਲ ਸੰਬੰਧਿਤ ਸੰਸਥਾਵਾਂ ਦਾ ਫ਼ਿਰਕੂ ਸਮਾਗਮ ਨਾ ਕਰਵਾਉਣ ਦਾ ਭਰੋਸਾ ਦੇਣ ਦੇ ਬਾਵਜੂਦ ਚੋਰੀ ਛੁਪੇ ਸਮਾਗਮ ਕਰਵਾਉਣਾ ਅਤੇ ਵਿਰੋਧ ਕਰਦੇ ਵਿਦਿਆਰਥੀਆਂ ਉਤੇ ਜ਼ਬਰ ਕਰਨ ਦੀ ਫਾਸ਼ੀਵਾਦੀ ਕਾਰਵਾਈ ਨੇ ਯੂਨੀਵਰਸਿਟੀ ਅਧਿਕਾਰੀਆਂ ਦੇ ਭਗਵੇਂ ਏਜੰਡੇ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸਿਖਿਆ ਮੰਤਰੀ ਨੂੰ ਅਹੁਦੇ ਤੋਂ ਬਰਖਾਸਤ ਕੀਤਾ ਜਾਵੇ,ਸੋਨਮ ਵਾਂਗਚੁਕ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਵਿਦਿਆਰਥੀਆਂ ਤੇ ਲਾਠੀਚਾਰਜ ਕਰਨ ਤੇ ਕਰਵਾਉਣ ਵਾਲੇ ਅਧਿਕਾਰੀਆਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ ,ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ,ਔਰਤ ਵਿਰੋਧੀ ਮਾਨਸਿਕਤਾ ਵਾਲੇ ਬੁਲਾਰਿਆਂ ਨੂੰ ਬੁਲਾਉਣ ਲਈ ਯੂਨੀਵਰਸਿਟੀ ਅਧਿਕਾਰੀਆਂ ਤੇ ਕਾਰਵਾਈ ਕੀਤੀ ਜਾਵੇ।

**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**




# ਬੇਗਮਪੁਰਾ ਕਲਚਰ ਸੋਸਾਇਟੀ ਆਫ਼ ਨਿਊਯਾਰਕ ਦੀ ਸਰਬਸੰਮਤੀ ਚੋਣ : ਸ਼੍ਰੀ ਸਰਬਜੀਤ ਕੌਲ ਚੁਣੇ ਪ੍ਰਧਾਨ ਅਤੇ ਨਿਰਮਲ ਮੋਰੋਂ ਚੇਅਰਮੈਨ

## ਕੌਲ ਬ੍ਰਦਰਜ਼ ਵਲੋਂ ਸਮੁੱਚੇ ਭਾਈਚਾਰੇ ਦਾ ਥੈਂਕਸ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਬੇਗਮਪੁਰਾ ਕਲਚਰ ਸੋਸਾਇਟੀ ਆਫ਼ ਨਿਊਯਾਰਕ ਯੂ ਐਸ ਏ ਦੇ ਮੈਂਬਰ ਅਤੇ ਟਰੱਸਟ ਕਮੇਟੀ ਦੀ ਮੌਜੂਦਗੀ ਵਿੱਚ ਇੱਕ ਭਰਵੀਂ ਮੀਟਿੰਗ ਸੁਸਾਇਟੀ ਦਾ ਸਮੁੱਚਾ ਲੇਖਾ ਜੋਖਾ ਕਰਨ ਅਤੇ ਪੁਨਰ ਗਠਨ ਕਰਨ ਲਈ ਕੀਤੀ ਗਈ । ਇਸ ਮੀਟਿੰਗ ਵਿੱਚ ਬਹੁਤ ਸਾਰੇ ਸਮਾਜ ਦੀ ਭਲਾਈ ਦੇ ਕੰਮਾਂ ਦੀ ਚਰਚਾ ਕੀਤੀ ਗਈ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਸੋਚ ਤੇ ਕਾਰਵਾਂ ਕਿਸ ਤਰ੍ਹਾਂ ਅੱਗੇ ਲੈ ਕੇ ਜਾਣਾ ਹੈ, ਬਾਰੇ ਵਿਚਾਰਾਂ ਕੀਤੀਆਂ ਗਈਆਂ । ਜਿਕਰਯੋਗ ਹੈ ਕਿ ਬੇਗਮਪੁਰਾ ਕਲਚਰ ਸੋਸਾਇਟੀ ਦਾ ਗਠਨ 2010 ਵਿੱਚ ਨਿਊਯਾਰਕ ਵਿਖੇ ਕੀਤਾ ਗਿਆ ਸੀ ਅਤੇ 2010 ਤੋਂ ਹੀ ਇਹ ਸੰਸਥਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚਾਰਧਾਰਾ ਸੋਚ ਨੂੰ ਲੈ ਕੇ ਚੱਲ ਰਹੀ ਹੈ । ਜਿਸ ਵਿੱਚ ਪਹਿਲਾਂ ਸ਼੍ਰੀ ਪਰਮਜੀਤ ਕਮਾਮ ਪ੍ਰਧਾਨ ਅਤੇ ਪਿੰਦਰਪਾਲ ਅਤੇ ਸ਼੍ਰੀ ਮਦਨ ਬੱਧਣ ਚੇਅਰਮੈਨ ਸਨ । ਹੁਣ 18 ਜੁਲਾਈ 2026 ਨੂੰ ਪ੍ਰਧਾਨ ਸ੍ਰੀ ਰਾਜ ਕੁਮਾਰ ਅਤੇ ਚੇਅਰਮੈਨ ਸ਼੍ਰੀ ਪਿੰਦਰਪਾਲ ਅਤੇ ਟਰੱਸਟੀ ਮੈਂਬਰਾਂ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਮੀਟਿੰਗ







ਬੁਲਾਈ ਗਈ। ਜਿਸ ਵਿੱਚ ਸਰਬਸੰਮਤੀ ਨਾਲ ਸ਼੍ਰੀ ਸਰਬਜੀਤ ਕੌਲ ਬ੍ਰਦਰਜ਼ ਨੂੰ ਪ੍ਰਧਾਨ ਬੇਗਮਪੁਰਾ ਕਲਚਰ ਸੋਸਾਇਟੀ ਆਫ਼ ਨਿਊਯਾਰਕ ਅਤੇ ਸ਼੍ਰੀ ਨਿਰਮਲ ਮੋਰੋਂ ਜੀ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ । ਇਸ ਤਰ੍ਹਾਂ ਸੀਨੀਅਰ ਵਾਈਸ ਪ੍ਰਧਾਨ ਸ਼੍ਰੀ ਜਸਵਿੰਦਰ ਸਿੰਘ ਮਹੇ, ਵਾਇਸ ਪ੍ਰਧਾਨ ਸ਼੍ਰੀ ਅਮਰਿੰਦਰ ਸਿੰਘ ਮਾਹੀ, ਜੁਆਇੰਟ ਚੇਅਰਮੈਨ ਸ਼੍ਰੀ ਦੁਰਗਾ ਦਾਸ, ਜਨਰਲ ਸਕੱਤਰ ਸ਼੍ਰੀ ਪਿੰਦਰਪਾਲ ਜੁਆਇੰਟ ਸਕੱਤਰ ਸ਼੍ਰੀ ਰਾਜ ਕੁਮਾਰ, ਕੈਸ਼ੀਅਰ ਸ਼੍ਰੀ ਵਿਜੇ ਦੁੱਗ, ਜੁਆਇੰਟ ਕੈਸ਼ੀਅਰ ਸ਼੍ਰੀ ਰਾਮ ਮੂਰਤੀ ਦੇ ਚੀਫ ਇੰਟਰਨੈਸ਼ਨਲ ਕੋਡੀਨੇਟਰ ਸ਼੍ਰੀ ਹਰਦੇਵ ਸਹਾਏ, ਜੁਆਇੰਟ ਇੰਟਰਨੈਸ਼ਨਲ ਕੋਆਰਡੀਨੇਟਰ ਸ੍ਰੀ ਬਲਵੀਰ ਚੰਦ ਮੱਲ ਜੀ ਨੂੰ ਨਿਯੁਕਤ ਕੀਤਾ ਗਿਆ ਜੋ ਬੇਗਮਪੁਰਾ ਕਲਚਰ ਸੋਸਾਇਟੀ ਆਫ ਨਿਊਯਾਰਕ ਵਿੱਚ ਆਪਣੀਆਂ ਸੇਵਾਵਾਂ ਬਖ਼ੂਬੀ ਨਿਭਾਉਣਗੇ ।

# ਇਹ ਕੌਣ ਹੈ ਜੋ ਬੂਹਾ ਖੜਕਾ ਰਿਹਾ?

**ਸਮਾਜ ਵੀਕਲੀ ਯੂ ਕੇ**
**ਐੱਸ.ਪੀ. ਸਿੰਘ–**

ਬਰਸਾਤ ਦੇ ਦਿਨ ਚੱਲ ਰਹੇ ਸਨ, ਥੋੜੀ-ਥੋੜੀ ਬਾਰਿਸ਼ ਹੋ ਰਹੀ ਸੀ ਅਚਾਨਕ ਠੱਕ-ਠੱਕ ਦਰਵਾਜਾ ਖੜਕਣ ਦੀ ਆਵਾਜ ਮੇਰੇ ਕੰਨਾ ਵਿੱਚ ਪਈ। ਕੌਣ ਏ? ਆਉਨਾ, ਬੋਲ ਕੇ ਮੈਂ ਦਰਵਾਜੇ ਵੱਲ ਤੁਰ ਪਿਆ, ਸ਼ਾਇਦ ਕੋਈ ਅਜਨਬੀ ਹੋਵੇਗਾ, ਰਸਤਾ ਭੁੱਲ ਗਿਆ ਹੋਣਾ, ਮੈਂ ਅੱਗੇ ਆ ਕੇ ਜਦ ਬੂਹਾ ਖੋਲਿਆ ਤਾਂ ਇੱਕ ਬਹੁਤ ਹੀ ਸੁੰਦਰ ਪਹਿਰਾਵੇ ਵਿੱਚ ਸੁੰਦਰ ਔਰਤ ਜਿਸਦਾ ਠਾਠਾਂ ਮਾਰਦਾ ਹੁਸਨ ਸਾਹਮਣੇ ਤਕ ਕੇ ਮੈਥੋਂ ਰਿਹਾ ਨਾ ਗਿਆ, ਕੌਣ ਹੋ ਤੁਸੀਂ? ਕਿਸਨੂੰ ਮਿਲਣਾ? ਉਸਨੇ ਆਪਣੇ ਹਸੀਨ ਮੁੱਖੜੇ ਤੋਂ ਆਖਿਆ ਐੱਸ.ਪੀ ਨੂੰ ਮਿਲਣਾ, ਕੀ ਇਹ ਐੱਸ.ਪੀ ਦਾ ਹੀ ਘਰ ਹੈ? ਮੈਂ ਆਖਿਆ ਜੀ ਐੱਸ.ਪੀ ਦਾ ਹੀ ਹੈ। ਮੈਂ ਹੀ ਐੱਸ.ਪੀ ਹਾਂ ਹੁਕਮ ਕਰੋ ਜੀ, ਕੀ ਹੁਕਮ ਕਰਨ ਲਈ ਮੈਨੂੰ ਦਰਵਾਜੇ ਵਿੱਚ ਹੀ ਖੜਨਾ ਪਊ ਜਾਂ ਅੰਦਰ ਬੁਲਾ ਕੇ ਚਾਹ ਪਾਣੀ ਨਾ ਪਿਲਾਉਣ ਦਾ ਕੋਈ ਵੱਖਰਾ ਹੀ ਰਿਵਾਜ ਹੈ ਤੁਹਾਡੇ ਵੱਲ ਉਸ ਨੇ ਹਸਦੇ ਆਖਿਆ। ਮੈਂ ਥੋੜਾ ਸੋਚੀਂ ਪਿਆ ਅਤੇ ਅੰਦਰ ਬੁਲਾਕੇ ਆਪਣੀ ਬੈਠਕ ਵਿੱਚ ਬਿਠਾਇਆ, ਚਾਹ ਪਾਣੀ ਦੇ ਇੰਤਜਾਮ ਕੀਤਾ ਪਰ ਮਨ ਵਿੱਚ ਸਵਾਲਾਂ ਨੇ ਘੇਰਿਆ ਹੋਇਆ ਸੀ, ਕਿ ਕੌਣ ਹੈ, ਕਿਵੇਂ ਆਈ ਹੈ, ਕੀ ਕੰਮ ਹੋ ਸਕਦਾ ਇਸਨੂੰ ਐੱਸ.ਪੀ ਨਾਲ। ਇਹਨਾ ਸਵਾਲਾਂ ਦੇ ਘੇਰੇ ਵਿੱਚ ਮੈਂ ਉਸ ਲਈ ਇੱਕ ਕੱਪ ਚਾਹ ਦਾ ਤਿਆਰ ਕੀਤਾ ਤੇ ਉਸਦੇ ਸਾਹਮਣੇ ਕੁਝ ਬਿਸਕੁਟਾਂ ਨਾਲ ਪ੍ਰੋਸਿਆ, ਉਸਨੇ ਬਣੇ ਸਵਾਦ ਨਾਲ ਚਾਹ ਪੀਣੀ ਸ਼ੁਰੂ ਕੀਤੀ ਤੇ ਬਿਸਕੁਟਾਂ ਦਾ ਵੀ ਮਜਾ ਲੈਣਾ ਸ਼ੁਰੂ ਕੀਤਾ, ਚਾਹ ਪੀਂਦੇ ਪੀਂਦੇ ਮੈਂ ਆਖਿਆ ਜੀ ਹੁਕਮ ਕਰੋ ਕਿਵੇਂ ਐੱਸ.ਪੀ ਨੂੰ ਕਿਉਂ ਮਿਲਣਾ ਚਾਹੁੰਦੇ ਹੋ?

ਐਨੀ ਵੀ ਕੀ ਕਾਹਲੀ ਹੈ? ਸਭ ਦੱਸਦੀ ਹਾਂ ਜਦ ਉਸਨੇ ਇਹ ਕਿਹਾ ਤਾਂ ਮੇਰੇ ਕੋਲ ਕੋਈ ਅਲਫਾਜ਼ ਨਹੀਂ ਸੀ। ਮੈਂ ਚੁੱਪ ਚਾਪ ਬੈਠਾ ਸੋਚ ਰਿਹਾ ਸੀ ਕਿ ਅਜਿਹਾ ਕੀ ਖਾਸ ਹੈ? ਜੋ ਐਸ.ਪੀ ਨੂੰ ਐਨੀ ਦੂਰੋਂ ਕੋਈ ਮਿਲਣ ਆਇਆ। ਚਾਹ ਖਤਮ ਹੋਈ ਤਾਂ ਉਸਨੇ ਕਿਹਾ ਹੁਣ ਮੈਂ ਦੱਸਦੀ ਹਾਂ ਕਿ ਮੈਂ ਕਮਲ ਪਟਿਆਲੇ ਤੋਂ ਜੋ ਤੁਹਾਡੀ ਅਧੂਰੀ ਕਹਾਣੀ ਨੂੰ ਕੁੱਝ ਚਾਨਣ ਅਤੇ ਸੁਨਿਹਰੀ ਅੰਤ ਦੇਣ ਆਈ ਹਾਂ।

ਉਸਦੀਆਂ ਗੱਲਾਂ ਮੈਨੂੰ ਹੈਰਾਨ ਤੇ ਪ੍ਰੇਸ਼ਾਨ ਕਰ ਰਹੀਆਂ ਸਨ ਕਿ ਕੋਣ ਐਨੀ ਚੰਗੀ ਤਰਾਂ ਮੈਨੂੰ ਜਾਣ ਸਕਦਾ? ਜਦ ਮੈਂ ਪੁੱਛਿਆ ਕਿ ਤੁਹਾਨੂੰ ਮੇਰੇ ਬਾਰੇ ਐਨਾ ਕੀ ਪਤਾ ਤਾਂ ਫਿਰ ਉਸਨੇ ਮਜਾਕੀਆ ਅੰਦਾਜ਼ ਵਿੱਚ ਕਿਹਾ ਐਸ.ਪੀ ਕਾਹਲੀ ਬਹੁਤ ਕਰਦੈਂ ਸ਼ਾਇਦ ਇਹੀ ਇੱਕ ਤੇਰੇ ਚ ਨੁਕਸ ਹੈ ਜੋ ਤੂੰ ਕਦੇ ਦੂਰ ਨੀ ਕਰ ਪਾਇਆ। ਮੈਂ ਫਿਰ ਖਾਮੋਸ਼ ਸੀ, ਕਿਸੇ ਵੀ ਅਲਫਾਜ਼ ਤੋਂ ਵਾਂਝਾ ਸੀ, ਚੁੱਪ ਚਾਪ ਚਾਹ ਦੇ ਖਾਲੀ ਕੱਪਾਂ ਵੱਲ ਵੇਖ ਰਿਹਾ ਸੀ। ਮਨ ਵਿੱਚ ਬੇਚੈਨੀ ਸੀ ਕਿ ਕੁੱਝ ਬੋਲਿਆ ਤਾਂ ਸੁਣਨਾ ਹੀ ਪਊ ਵੀ ਜੇ ਨਾ ਬੋਲਿਆ ਤਾਂ ਪ੍ਰੇਸ਼ਾਨੀ ਹੋਰ ਵਧੂ।

ਮੇਰੇ ਚਿਹਰੇ ਦੇ ਹਾਵ-ਭਾਵ ਪੜ੍ਹਕੇ ਉਹ ਬੋਲੀ ਕਮਲ ਹਾਂ ਮੈਂ। ਕੋਣ ਕਮਲ? ਮੈਥੋਂ ਰਿਹਾ ਨਾ ਗਿਆ। ਪਰ ਫਿਰ ਚੁੱਪ ਹੋ ਗਿਆ। ਤੇਰੀ ਐੱਮ.ਐਸ.ਸੀ ਵਾਲੀ ਮਨਿੰਦਰ ਦੀ ਸਹੇਲੀ। ਮਨ 'ਚ' ਸਵਾਲ ਆਇਆ ਕਿ ਇਹ ਮਨਿੰਦਰ ਨੂੰ ਕਿਵੇਂ ਜਾਣਦੀ ਹੈ? ਕੌਣ ਮਨਿੰਦਰ? ਮੈਂ ਉਸ ਤੋਂ ਇੱਕਦਮ ਪੁੱਛਿਆ। ਜਿਆਦਾ ਭੋਲਾ ਨਾ ਬਣ ਐਨਾ ਭੋਲਾ ਤੂੰ ਹੈ ਨੀ, ਮੈਂ ਫਿਰ ਚੁੱਪ ਹੋ ਗਿਆ, ਪਰ ਮਨ ਵਿੱਚ ਲੱਖਾਂ ਸਵਾਲਾਂ ਨੇ ਮੈਨੂੰ ਘੇਰਾ ਪਾਇਆ ਹੋਇਆ ਸੀ।

ਮੈਂ ਕਮਲ ਹਾਂ ਮਨਿੰਦਰ ਦੀ ਬਹੁਤ ਨਜ਼ਦੀਕੀ ਦੋਸਤ ਸਭ ਜਾਣਦੀ ਹਾਂ ਮੈਂ ਤੇਰੇ ਤੇ ਮਨਿੰਦਰ ਬਾਰੇ। ਮੈਂ ਫਿਰ ਚੁੱਪ ਸੀ। ਮੈਂ ਫਿਰ ਚੁੱਪ ਸੀ ਕੀ ਬੋਲ ਸਕਦਾ ਸੀ? ਮੈਂ ਕਿਹਾ ਜੀ ਹਾਂ ਮਨਿੰਦਰ ਮੇਰੀ ਬਹੁਤ ਵਧੀਆ ਦੋਸਤ ਸੀ ਐੱਮ.ਐਸ.ਸੀ ਵਿੱਚ ਅਸੀਂ ਇੱਕਠਿਆਂ ਨੇ ਯੂਨੀਵਰਸਿਟੀ ਦੀਆਂ ਐਕਟੀਵਿਟੀਜ਼ ਵਿੱਚ ਭਾਗ ਲਿਆ। ਮੈਂ ਅਤੇ ਮਨਿੰਦਰ, ਡੀ.ਡੀ. ਐਮ.ਸੀ. ਪੀ.ਏ.ਯੂ ਦੇ ਮੈਂਬਰ ਸਾਂ ਅਤੇ ਮੈਂਬਰ ਹੋਣ ਕਾਰਨ ਅਸੀਂ ਬਹੁਤ ਹੀ ਵਧੀਆਂ ਦੋਸਤ ਸਾਂ। ਇਕੱਲੇ ਦੋਸਤ ਜਾਂ ਕੁੱਝ ਹੋਰ ਵੀ, ਕਮਲ ਨੇ ਮੈਨੂੰ ਮਜਾਕੀਆ ਅੰਦਾਜ ਵਿੱਚ ਪੁੱਛਿਆ, ਮੈਂ ਆਪਣੀਆਂ ਅੱਖਾਂ ਨੀਵੀਆਂ ਕਰ ਲਈਆਂ





ਐੱਸ.ਪੀ. ਸਿੰਘ ਲੈਕਚਰਾਰ ਫਿਜ਼ਿਕਸ
ਮੋਬ : 98880-45355

ਕੁਝ ਨਾ ਬੋਲ ਸਕਿਆ। ਐਸ.ਪੀ ਤੇਰੀ ਇੱਕ ਗਲਤੀ ਨੇ ਪਤਾ ਨੀ ਕੀ ਕੁੱਝ ਬਰਬਾਦ ਕੀਤਾ, ਮੈਂ ਆਪਣੀਆਂ ਅੱਖਾਂ ਸ਼ਰਮ ਨਾਲ ਉੱਪਰ ਨਹੀਂ ਚੁੱਕ ਪਾ ਰਿਹਾ ਸੀ। ਹੁਣ ਤੂੰ ਆਪ ਦੱਸੇਂਗਾ ਜਾਂ ਮੈਂ ਦੱਸਾਂ। ਨਹੀਂ ਮੈਂ ਹੀ ਦੱਸਦਾਂ ਕਹਿ ਕੇ, ਮੇਰੇ ਅਤੇ ਮਨਿੰਦਰ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਕਿਵੇਂ ਅਸੀਂ ਐੱਮ.ਐਸ.ਸੀ ਦੇ ਦਿਨਾਂ ਵਿੱਚ ਬਹੁਤ ਹੀ ਵਧੀਆ ਦੋਸਤ ਹੋਣ ਤੋਂ ਬਾਅਦ ਇੱਕ ਦੂਸਰੇ ਨੂੰ ਬਹੁਤ ਪਸੰਦ ਕਰਨ ਲੱਗੇ ਅਤੇ ਜੀਵਨ ਸਾਥੀ ਬਣਨ ਦੀਆਂ ਕਸਮਾਂ ਖਾਧੀਆਂ ਅਤੇ ਸੋਚਿਆ ਸੀ ਕਿ ਐਮ.ਐੱਸ.ਸੀ ਤੋਂ ਬਾਅਦ ਅਸੀਂ ਵਿਆਹ ਦੇ ਬੰਧਨ ਵਿੱਚ ਬੱਝ ਜਾਵਾਂਗੇ।

ਫਿਰ ਪ੍ਰੋਬਲਮ ਕਿੱਥੇ ਆਈ ਕਮਲ ਨੇ ਮੈਨੂੰ ਬੜੇ ਗੰਭੀਰ ਲਹਿਜੇ ਵਿੱਚ ਪੁੱਛਿਆ, ਪ੍ਰੋਬਲਮ ਬਸ ਸਮਾਜ ਦੀ ਸੋਚ ਵਿੱਚ ਸੀ, ਮੈਂ ਇੱਕ ਗਰੀਬ ਮਿਹਨਕਸ਼ ਪਰਿਵਾਰ ਵਿੱਚੋਂ ਸੀ ਅਤੇ ਮੇਰੀ ਜਾਤ ਵੀ ਕੁਝ ਜਿਆਦਾ ਉੱਚੀ ਨਹੀਂ ਸੀ, ਪਰ ਮਨਿੰਦਰ ਅਮੀਰ ਘਰਾਣੇ ਅਤੇ ਉੱਚੀ ਕੁੱਲ ਨਾਲ ਸੰਬੰਧਤ ਸੀ । ਇਹ ਅਮੀਰੀ ਗਰੀਬੀ, ਉਚ ਨੀਚ, ਜਾਤ ਪਾਤ ਦੇ ਉਲਝੇਵਿਆਂ ਵਿੱਚ ਮੈਂ ਬੁਰੀ ਤਰਾਂ ਫੱਸ ਚੁੱਕਾ ਸੀ ਅਤੇ ਮਨਿੰਦਰ ਅਮੀਰ ਦੇ ਪਿਤਾ ਜੀ ਨੇ ਮੇਰੇ ਪਿਤਾ ਜੀ ਨੂੰ ਬੁਲਾਕੇ ਸਾਫ ਆਖਿਆ ਕਿ ਅਸੀਂ ਕੁੜੀ ਆਪਣੀ ਜਾਤ ਅਤੇ ਬਰਾਬਰ ਵਾਲਿਆਂ ਦੇ ਘਰ ਦਿਆਂਗੇ। ਇਹ ਸੁਣਕੇ ਸ਼ਾਇਦ ਮੈਂ ਅੰਦਰੋਂ ਅੰਦਰੀਂ ਟੁੱਟ ਚੁੱਕਾ ਸੀ। ਜਦ ਮਨਿੰਦਰ ਨੇ ਆਪਣੇ ਪਿਤਾ ਤੇ ਦਬਾਅ ਪਾਇਆ ਤਾਂ ਉਸਨੇ ਸਾਡੀਆਂ ਕੁੰਡਲੀਆਂ ਮਿਲਾਕੇ ਉਹਨਾਂ ਵਿੱਚ ਕਈ ਤਰਾਂ ਦੀਆਂ ਸਮੱਸਿਆਵਾਂ ਕੱਢ ਲਈਆਂ ਕਿ ਆਖਿਰਕਾਰ ਸਾਨੂੰ ਹਾਰਨਾ ਪਿਆ ਅਤੇ ਮੈਂ ਸਭ ਹਲਾਤਾਂ ਤੇ ਛੱਡ ਦਿੱਤਾ। ਅਸੀਂ ਦੋਨਾਂ ਨੇ ਐੱਮ.ਐਸ.ਸੀ ਕੰਪਲੀਟ ਕੀਤੀ। ਮਨਿੰਦਰ ਦੇ ਪਿਤਾ ਨੇ ਮਨਿੰਦਰ ਨੂੰ ਇੰਗਲੈਂਡ ਉਸਦੀ ਭੈਣ ਕੋਲ ਭੇਜ਼ ਦਿੱਤਾ, ਮੈਂ ਆਪਣੀ ਐਮ.ਐਸ.ਸੀ ਫਿਜ਼ਿਕਸ ਪੂਰੀ ਕਰਕੇ ਇੱਕ ਬਹੁਤ ਹੀ ਵੱਡੇ ਅਤੇ ਇੱਜਤਦਾਰ ਸਕੂਲ ਵਿੱਚ ਪੀ.ਜੀ.ਟੀ ਫਿਜ਼ਿਕਸ ਲੱਗ ਗਿਆ ਉਤੇ ਬਹੁਤ ਮਿਹਨਤ ਕਰਕੇ ਚੰਗਾ ਪੈਸਾ ਅਤੇ ਨਾਮ ਕਮਾਇਆ। ਏਥੇ ਹੀ ਬੱਸ ਨਹੀਂ ਮੈਂ ਵਿਆਹ ਨਹੀਂ ਕਰਵਾਇਆ ਕਿਉਂਕਿ ਸ਼ਾਇਦ ਮੈਂ ਮਨਿੰਦਰ ਤੋਂ ਬਾਅਦ ਕਿਸੇ ਹੋਰ ਨੂੰ ਅਪਨਾ ਨਹੀਂ ਪਾ ਰਿਹਾ ਸੀ।

ਹੁਣ ਮੈਂ ਬੋਲਦੀ ਹਾਂ ਕਮਲ ਬੋਲੀ, ਪਤਾ ਤੈਨੂੰ ਕਿਉਂ ਮਿਲਣ ਆਈ ਐਸ.ਪੀ ਕਿਉਂਕਿ ਤੂੰ ਇਕ ਸਾਫ ਦਿਲ ਇਨਸਾਨ ਹੈ, ਤੂੰ ਰਿਸ਼ਤਿਆਂ ਦੀ ਕਦਰ ਕਰਦਾ ਹੈਂ। ਸ਼ਾਇਦ ਤੈਨੂੰ ਇਹ ਵੀ ਨਹੀਂ ਪਤਾ ਹੋਣਾ ਕੀ ਮਨਿੰਦਰ ਨੇ ਵੀ ਕਾਫੀ ਸਾਲ ਇਸ ਭੁਲੇਖੇ ਵਿੱਚ ਕੱਢੇ ਕਿ ਸ਼ਾਇਦ ਘਰਦੇ ਮੰਨ ਜਾਣ, ਵਿਆਹ ਨਹੀਂ ਕਰਾਇਆ ਪਰ ਇੱਕ ਦਿਨ ਜਦ ਉਸਦੇ ਪਿਤਾ ਜੀ ਦੀ ਤਬੀਅਤ ਕੁੱਝ ਜਿਆਦਾ ਖਰਾਬ ਹੋਈ ਤਾਂ ਪਿਛਲੇ ਸਾਲ ਉਸਨੇ ਵਿਆਹ ਕਰਵਾ ਲਿਆ।ਮੈਂ ਮਨਿੰਦਰ ਨੂੰ ਤਾ ਮਿਲਦੀ ਰਹਿੰਦੀ ਸੀ ਗੱਲ ਬਾਤ ਹੁੰਦੀ ਰਹਿੰਦੀ ਸੀ, ਬਸ ਤੈਨੂੰ ਹੀ ਨਹੀਂ ਮਿਲ ਪਾ ਰਹੀ ਸੀ। ਤੈਨੂੰ ਮਿਲਣ ਦਾ ਬਹੁਤ ਮਨ ਸੀ, ਬਸ ਇਹ ਇੱਕ ਇਤਫਾਕ ਸੀ ਕਿ ਮੈਂ ਤੇਰੇ ਨਾਲ ਦੇ ਪਿੰਡ ਵਿੱਚ ਵਿਆਹ ਕੇ ਆਈ ਹਾਂ ਅਤੇ ਮੇਰੇ ਪਤੀ, ਜਿੱਥੇ ਤੁਸੀਂ ਪੜਾ ਰਹੇ ਹੋ ਉੱਥੇ ਹੀ ਪੀ.ਜੀ.ਟੀ ਮੈਥ ਦਰਸ਼ਨ ਸਿੰਘ ਪਠਾਣੀਆਂ ਨੇ ਉਹਨਾਂ ਨੇ ਜਦ ਐੱਸ.ਪੀ ਕਿਹਾ ਤਾਂ ਮੈਨੂੰ ਲੱਗਿਆ ਕਿ ਇਹ ਤੂੰਹੀ ਹੋ ਸਕਦਾ, ਤੇ ਮੈਂ ਤੇਰੇ ਬਾਰੇ ਪਤਾ ਕਰਕੇ ਤੈਨੂੰ ਮਿਲਣ ਆ ਗਈ। ਤੈਨੂੰ ਮਿਲਕੇ ਅੱਜ ਵਾਕਿਆ ਹੀ ਬਹੁਤ ਵਧੀਆ ਲੱਗਿਆ ਕਿ ਰਿਸ਼ਤੇ ਕਿੰਨੇ ਜਰੂਰੀ ਹੁੰਦੇ ਨੇ ਸ਼ਾਇਦ ਉਹ ਤੇਰੇ ਤੇ ਮਨਿੰਦਰ ਕੋਲੋਂ ਸਿੱਖਿਆ ਜਾਵੇ, ਕਿ ਕਿਸੇ ਵੀ ਰਿਸ਼ਤੇ ਦੀ ਪਵਿੱਤਰਤਾ ਕੀ ਹੁੰਦੀ ਹੈ, ਉਹ ਸ਼ਾਇਦ ਥੋੜੇ ਦੋਨਾਂ ਦਾ ਰਿਸ਼ਤੇ ਨੂੰ ਜਾਣ ਕੇ ਹੀ ਪਤਾ ਚੱਲੇਗਾ। ਚੰਗਾ ਹੁਣ ਮੈਂ ਚੱਲਦੀ ਹਾਂ ਬਹੁਤ ਵਧੀਆ ਲੱਗਿਆ ਤੈਨੂੰ ਮਿਲਕੇ।

ਨਾਲੇ ਤੂੰ ਚਾਹ ਬਹੁਤ ਵਧੀਆ ਬਾਉਂਦਾ ਹੈ। ਫਿਰ ਕਿਸੇ ਦਿਨ ਜਰੂਰ ਪੀਣ ਆਊਂ ਇਹਨਾਂ ਗੱਲਾ ਨਾਲ ਮੈਂ ਬਹੁਤ ਹੱਸਿਆ ਅਤੇ ਮਹਿਸੂਸ ਹੋਇਆ ਕਿ ਜਿਵੇਂ ਕਮਲ ਨੇ ਜਨਮਾਂ ਜਨਮਾਂ ਦਾ ਭਾਰ ਮੇਰੇ ਉੱਪਰੋਂ ਲਾਹ ਦਿੱਤਾ ਹੋਵੇ ਅਤੇ ਮੈਂ ਬਹੁਤ ਹੋਲਾ ਮਹਿਸੂਸ ਕਰ ਰਿਹਾ ਸੀ। ਵਿਆਹ ਕਰਵਾ ਲੀਂ ਹੁਣ ਕਿਸੇ ਚੰਗੀ ਜਹੀ ਕੁੜੀ ਨਾਲ, ਉਸਨੇ ਮਜਾਕੀਏ ਅਲਫਾਜ਼ਾਂ ਨਾਲ ਕਿਹਾ। ਮੁੰਡਾ ਹੈ ਇੱਕ ਮਨਿੰਦਰ ਕੋਲ, ਉਸਨੇ ਉਸਦਾ ਨਾਮ ਲਿਟਲ ਐੱਸ.ਪੀ ਰੱਖਿਆ, ਸ਼ਾਇਦ ਹਰ ਵਕਤ ਤੈਨੂੰ ਯਾਦ ਰੱਖਣ ਲਈ।ਅੱਜ ਫਿਰ ਸ਼ਾਇਦ ਉਹੀ ਐੱਸ.ਪੀ ਜਿਉਂਦਾ ਹੋ ਗਿਆ ਸੀ ਜਿਸਨੂੰ ਸ਼ਾਇਦ ਮੈਂ ਮਾਰ ਚੁੱਕਾ ਸੀ। ਕਮਲ ਦੀ ਤਕਰੀਬਨ ਇਹ ਇੱਕ ਘੰਟੇ ਦੀ ਮੁਲਾਕਾਤ ਮੇਰੀ ਜਿੰਦਗੀ ਵਿੱਚ ਸਵੇਰਾ ਬਣਕੇ ਆਈ। ਅੱਜ ਉਹੀ ਐੱਸ.ਪੀ ਆਪ ਵੀ ਜਿੰਦਗੀ ਵਿੱਚ ਫਿਰ ਮਸਤ ਸੀ।

# ਕਲਾ ਅਤੇ ਸੱਭਿਆਚਾਰ ਖੇਤਰ ਦੀਆਂ 21 ਮਹਾਨ ਸਖਸ਼ੀਅਤਾਂ ਦਾ " ਵਿਰਸੇ ਦੇ ਵਾਰਿਸ " ਐਵਾਰਡ ਨਾਲ ਹੋਵੇਗਾ ਸਨਮਾਨ- ਸੁੱਖੀ ਬਰਾੜ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)– ਚੰਡੀਗੜ੍ਹ** ਸੰਗੀਤ ਨਾਟਕ ਅਕੈਡਮੀ ਵੱਲੋਂ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਆਪਣੇ ਪੰਜਾਬੀ ਸੱਭਿਆਚਾਰ, ਮਾਂ ਬੋਲੀ, ਵਿਰਸੇ ਅਤੇ ਵਿਰਾਸਤ ਨਾਲ ਜੋੜਨ ਦੇ ਯਤਨ ਵਜੋਂ ਨਵੇਂ ਬੱਚਿਆਂ ਨੂੰ ਵਰਕਸ਼ਾਪਾਂ ਅਤੇ ਸੰਗੀਤਕ ਟ੍ਰੇਨਿੰਗ ਦੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਬਾਰੇ ਅਕੈਡਮੀ ਦੀ ਚੇਅਰਪਰਸ਼ਨ ਡਾ. ਸੁਖਮਿੰਦਰ ਕੌਰ ਬਰਾੜ ( ਸੁੱਖੀ ਬਰਾੜ ) ਨੇ ਦੱਸਿਆ ਕਿ ਅਕੈਡਮੀ ਵੱਲੋਂ ਨਵੀਂ ਪੀੜ੍ਹੀ ਦੇ ਇਹਨਾਂ ਬੱਚਿਆਂ ਨੂੰ ਮਹੀਨਿਆਂ ਬੱਧੀ ਟ੍ਰੇਨਿੰਗ ਦੇ ਕੇ ਪੰਜਾਬੀ ਫੋਕ ਸੰਗੀਤ ਗਾਉਣ ਦੇ ਸਮਰੱਥ ਬਣਾਇਆ ਗਿਆ ਹੈ ਬਾਰੇ ਇਹਨਾਂ ਬੱਚਿਆਂ ਦੀ ਸੰਗੀਤਕ ਪ੍ਰਤੀਭਾ ਨੂੰ ਲੋਕਾਂ ਸਾਹਮਣੇ ਲਿਆਉਣ ਦੇ ਮੰਤਵ ਵਜੋਂ ਮਿਤੀ 25 ਜੁਲਾਈ 2026 ਦਿਨ ਸ਼ਨੀਵਾਰ ਨੂੰ ਰਾਣੀ ਲਕਸ਼ਮੀ ਬਾਈ ਆਡਿਟੋਰੀਅਮ, ਸੈਕਟਰ-38, ਚੰਡੀਗੜ੍ਹ ਵਿਖੇ ਸ਼ਾਮ 4 ਵਜੇ ਤੋਂ ਇੱਕ ਵਿਲੱਖਣ ਸੱਭਿਆਚਾਰਕ ਪ੍ਰੋਗਰਾਮ ਅਤੇ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ ਬਾਰੇ ਇਸ ਸਨਮਾਨ ਸਮਾਰੋਹ ਦੌਰਾਨ ਜਿੱਥੇ ਅਕੈਡਮੀ ਦੇ ਆਪਣੇ ਤਿਆਰ ਕੀਤੇ ਕਲਾਕਾਰ ਦਰਸ਼ਕਾਂ ਸਾਹਮਣੇ ਆਪੋ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਉਥੇ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ




ਹਿੱਤ ਪੰਜਾਬੀ ਸੰਗੀਤ, ਫ਼ਿਲਮ,ਥੀਏਟਰ ਅਤੇ ਹੋਰ ਵੱਖ ਵੱਖ ਖੇਤਰਾਂ ਵਿੱਚ ਪਾਏ ਗਏ ਵੱਡਮੁਲੇ ਯੋਗਦਾਨ ਬਦਲੇ ਕਲਾ ਅਤੇ ਸੱਭਿਆਚਾਰ ਖੇਤਰ ਦੀਆਂ 21 ਮਹਾਨ ਸਖਸ਼ੀਅਤਾਂ ਪਦਮ ਸ਼੍ਰੀ ਨਿਰਮਲ ਰਿਸ਼ੀ, ਨੀਨਾ ਟਿਵਾਣਾ , ਜਨਾਬ ਮੁਹੰਮਦ ਸਦੀਕ, ਸ਼੍ਰੀ ਬਾਬੂ ਸਿੰਘ ਮਾਨ ( ਮਾਨ ਮਰਾੜਾਂ ਵਾਲੇ ), ਪਦਮ ਸ਼੍ਰੀ ਹੰਸ ਰਾਜ ਹੰਸ, ਸੁਨੀਤਾ ਧੀਰ, ਬੀਬੀ ਰਣਜੀਤ ਕੌਰ, ਸ਼੍ਰੀ ਬੀ.ਐੱਨ ਸ਼ਰਮਾ, ਜਤਿੰਦਰ ਕੌਰ, ਗੁਰਪ੍ਰੀਤ ਭੰਗੂ, ਗੁਲਸ਼ਨ ਕੋਮਲ, ਸ਼੍ਰੀ ਸ਼ਵਿੰਦਰ ਮਾਹਲ, ਅਜੈਬ ਸਿੰਘ ਔਜਲਾ, ਡੌਲੀ ਗੁਲੇਰੀਆ, ਅਤੁੱਲ ਸ਼ਰਮਾ, ਬਾਈ ਹਰਦੀਪ, ਅਮਰ ਨੂਰੀ, ਮਲਕੀਤ ਰੌਣੀ, ਡਾ. ਦੀਪਕ ਮਨਮੋਹਨ, ਪਰਮਜੀਤ ਸਿੰਘ ਸਿੱਧੂ (ਪੰਮੀ ਬਾਈ), ਅਤੇ ਗੁਰਪ੍ਰੀਤ ਸਿੰਘ (ਘੁੱਗੀ) ਨੂੰ "ਵਿਰਸੇ ਦੇ ਵਾਰਿਸ" ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ ਬਾਰੇ ਮੈਡਮ ਸੁੱਖੀ ਬਰਾੜ ਨੇ ਇਸ ਐਵਾਰਡ ਸਮਾਰੋਹ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਵੱਲੋਂ ਪਿੱਛਲੇ ਲੰਮੇ ਸਮੇਂ ਤੋਂ ਜਿੱਥੇ ਵੱਖ ਵੱਖ ਖੇਤਰਾਂ ਦੇ ਪ੍ਰੋਗਰਾਮਾਂ ਰਾਹੀਂ ਪੁਰਾਣੇ ਕਲਾਕਾਰਾਂ ਨੂੰ ਕੰਮ ਦਿੱਤਾ ਜਾ ਰਿਹਾ ਹੈ ਬਾਰੇ ਇਸ ਸਾਰੇ ਪ੍ਰੋਗਰਾਮ ਨੂੰ ਉੱਘੇ ਫ਼ਿਲਮੀ ਅਦਾਕਾਰ ਮਲਕੀਤ ਰੌਣੀ ਅਤੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਮੰਚ ਸੰਚਾਲਕ ਦੇ ਤੌਰ ਤੇ ਕੜੀ ਵੱਧ ਕਰਨਗੇ।

# ਨੇਕੀ ਦੀ ਕੀਮਤ ਅਤੇ ਰਿਸ਼ਤਿਆਂ ਦੀ ਹਕੀਕਤ

ਇਨਸਾਨ ਇੱਕ ਸਮਾਜਿਕ ਪ੍ਰਾਣੀ ਹੈ। ਉਸ ਦੀ ਜ਼ਿੰਦਗੀ ਰਿਸ਼ਤਿਆਂ, ਭਾਵਨਾਵਾਂ ਅਤੇ ਆਪਸੀ ਸਾਂਝ ਦੇ ਧਾਗਿਆਂ ਨਾਲ ਬੱਝੀ ਹੋਈ ਹੈ। ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਨੂੰ ਪਿਆਰ, ਸਤਿਕਾਰ ਅਤੇ ਆਪਣਾਪਣ ਮਿਲੇ। ਉਹ ਆਪਣੇ ਪਰਿਵਾਰ, ਦੋਸਤਾਂ ਅਤੇ ਜਾਣ-ਪਛਾਣ ਵਾਲਿਆਂ ਲਈ ਆਪਣਾ ਸਮਾਂ, ਮਿਹਨਤ ਅਤੇ ਦਿਲੋਂ ਕੀਤੀ ਪਰਵਾਹ ਨਿਛਾਵਰ ਕਰਦਾ ਹੈ। ਪਰ ਅੱਜ ਦੇ ਬਦਲਦੇ ਸਮਾਜਿਕ ਦੌਰ ਵਿੱਚ ਇੱਕ ਕੌੜਾ ਸੱਚ ਇਹ ਵੀ ਹੈ ਕਿ ਜਿਸ ਇਨਸਾਨ ਦਾ ਅਸੀਂ ਸਭ ਤੋਂ ਵੱਧ ਭਲਾ ਸੋਚਦੇ ਹਾਂ, ਕਈ ਵਾਰ ਉਹੀ ਸਾਡੀਆਂ ਭਾਵਨਾਵਾਂ ਨੂੰ ਸਮਝਣ ਦੀ ਬਜਾਏ ਤਾਨਿਆਂ, ਮਿਹਣਿਆ ਨਾਲ ਨਿਵਾਜ਼ ਦਿੰਦਾ ਹੈ। ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ, ਸਗੋਂ ਭਰੋਸੇ, ਇੱਜ਼ਤ ਅਤੇ ਆਪਸੀ ਸਮਝ ਦੇ ਵੀ ਹੁੰਦੇ ਹਨ। ਜਦੋਂ ਕਿਸੇ ਰਿਸ਼ਤੇ ਵਿੱਚ ਇੱਕ ਪਾਸੇ ਤੋਂ ਹੀ ਪਿਆਰ, ਤਿਆਗ ਅਤੇ ਸਹਿਯੋਗ ਮਿਲਦਾ ਰਹੇ ਅਤੇ ਦੂਜੇ ਪਾਸੇ ਉਸ ਦੀ ਕੋਈ ਕਦਰ ਨਾ ਹੋਵੇ, ਤਾਂ ਉਹ ਰਿਸ਼ਤਾ ਆਪਣੀ ਰੂਹ ਖੋ ਬੈਠਦਾ ਹੈ। ਇਹ ਸਥਿਤੀ ਮਨੁੱਖ ਦੇ ਮਨ ਨੂੰ ਅੰਦਰੋਂ ਤੋੜ ਦਿੰਦੀ ਹੈ।

ਅਕਸਰ ਦੇਖਿਆ ਜਾਂਦਾ ਹੈ ਕਿ ਕੁਝ ਲੋਕ ਦੂਜਿਆਂ ਦੀਆਂ ਮੁਸ਼ਕਲਾਂ ਨੂੰ ਆਪਣੀਆਂ ਸਮਝ ਕੇ ਹਰ ਵੇਲੇ ਮਦਦ ਲਈ ਤਿਆਰ ਰਹਿੰਦੇ ਹਨ। ਉਹ ਬਿਨਾਂ ਕਿਸੇ ਸਵਾਰਥ ਦੇ ਹਰ ਖੁਸ਼ੀ ਅਤੇ ਗ਼ਮ ਵਿੱਚ ਨਾਲ ਖੜ੍ਹਦੇ ਹਨ। ਪਰ ਜਦੋਂ ਸਮਾਂ ਬਦਲਦਾ ਹੈ ਤਾਂ ਉਹੀ ਲੋਕ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੇ ਹਨ। ਕਈ ਵਾਰ ਤਾਂ ਉਨ੍ਹਾਂ ਦੀ ਕੀਤੀ ਨੇਕੀ ਨੂੰ ਵੀ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਇਹ ਵਰਤਾਰਾ ਮਨ ਵਿੱਚ ਡੂੰਘੀ ਨਿਰਾਸ਼ਾ ਪੈਦਾ ਕਰਦਾ ਹੈ।

ਜਦੋਂ ਇਨਸਾਨ ਵਾਰ-ਵਾਰ ਅਣਗੌਲਿਆ ਮਹਿਸੂਸ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਹੀ ਕਸੂਰਵਾਰ ਸਮਝਣ ਲੱਗ ਪੈਂਦਾ ਹੈ। ਉਹ ਸੋਚਦਾ ਹੈ ਕਿ ਸ਼ਾਇਦ ਉਸ ਤੋਂ ਹੀ ਕੋਈ ਗਲਤੀ ਹੋਈ ਹੈ। ਇਹ ਲਗਾਤਾਰ ਚਲਦੀ ਸੋਚ ਮਾਨਸਿਕ ਤਣਾਅ, ਇਕੱਲੇਪਣ ਅਤੇ ਡਿਪਰੈਸ਼ਨ ਦਾ ਕਾਰਨ ਬਣ ਸਕਦੀ ਹੈ। ਅੱਜ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦਾ ਇੱਕ ਵੱਡਾ ਕਾਰਨ ਟੁੱਟਦੇ ਰਿਸ਼ਤੇ ਅਤੇ ਭਾਵਨਾਤਮਕ ਅਣਦੇਖੀ ਵੀ ਹਨ।

ਇਸ ਦਾ ਅਰਥ ਇਹ ਨਹੀਂ ਕਿ ਇਨਸਾਨ ਨੇਕੀ ਕਰਨੀ ਛੱਡ ਦੇਵੇ। ਨੇਕੀ ਮਨੁੱਖ ਦੇ ਚਰਿੱਤਰ ਦੀ ਪਛਾਣ ਹੈ, ਪਰ ਨੇਕੀ ਦੇ ਨਾਲ-ਨਾਲ ਸਵੈ-ਸਨਮਾਨ ਦੀ ਰੱਖਿਆ ਕਰਨੀ ਵੀ ਉਤਨੀ ਹੀ ਜ਼ਰੂਰੀ ਹੈ। ਜਿੱਥੇ ਸਾਡੀਆਂ ਭਾਵਨਾਵਾਂ ਦੀ ਕਦਰ ਨਾ ਹੋਵੇ, ਉੱਥੇ ਆਪਣੇ ਆਪ ਨੂੰ ਵਾਰ-ਵਾਰ ਦੁਖੀ ਕਰਨ ਦੀ ਬਜਾਏ ਸਮਝਦਾਰੀ ਨਾਲ ਦੂਰੀ ਬਣਾ ਲੈਣੀ ਚਾਹੀਦੀ ਹੈ। ਹਰ ਰਿਸ਼ਤੇ ਵਿੱਚ ਹੱਦਾਂ ਦਾ ਹੋਣਾ ਵੀ ਸਿਹਤਮੰਦ ਜੀਵਨ ਲਈ ਲਾਜ਼ਮੀ ਹੈ।

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਇਨਸਾਨ ਸਾਡੀ ਸੋਚ ਜਾਂ ਸਾਡੀ ਨੇਕੀ ਨੂੰ ਇੱਕੋ ਜਿਹੀ ਨਜ਼ਰ ਨਾਲ ਨਹੀਂ ਵੇਖਦਾ। ਇਸ ਲਈ ਆਪਣੀ ਖੁਸ਼ੀ ਨੂੰ ਦੂਜਿਆਂ ਦੀ ਪ੍ਰਸ਼ੰਸਾ ਨਾਲ ਨਹੀਂ, ਸਗੋਂ ਆਪਣੇ ਚੰਗੇ ਕਰਮਾਂ ਨਾਲ ਜੋੜਨਾ ਚਾਹੀਦਾ ਹੈ। ਸੱਚੀ ਨੇਕੀ ਕਦੇ ਵਿਅਰਥ ਨਹੀਂ ਜਾਂਦੀ। ਜੇ ਉਸ ਦਾ ਫਲ ਇਨਸਾਨਾਂ ਤੋਂ ਨਹੀਂ ਮਿਲਦਾ, ਤਾਂ ਉਹ ਸਾਡੀ ਸ਼ਖ਼ਸੀਅਤ ਨੂੰ ਹੋਰ ਉੱਚਾ ਅਤੇ ਮਨ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਰਿਸ਼ਤਿਆਂ ਵਿੱਚ ਸੱਚਾਈ, ਸੰਵੇਦਨਸ਼ੀਲਤਾ ਅਤੇ ਕਦਰ ਦੀ ਭਾਵਨਾ ਨੂੰ ਮੁੜ ਜਗਾਈਏ। ਕਿਸੇ ਦੀ ਕੀਤੀ ਪਰਵਾਹ ਨੂੰ ਉਸ ਦੀ ਮਜਬੂਰੀ ਨਹੀਂ, ਸਗੋਂ ਉਸ ਦੇ ਵੱਡੇ ਦਿਲ ਦੀ ਨਿਸ਼ਾਨੀ ਸਮਝੀਏ। ਕਿਉਂਕਿ ਰਿਸ਼ਤੇ ਤਾਨਿਆਂ ਨਾਲ ਨਹੀਂ, ਸਤਿਕਾਰ ਅਤੇ ਕਦਰ ਨਾਲ ਜਿਉਂਦੇ ਹਨ। ਇਹੀ ਇੱਕ ਸਿਹਤਮੰਦ ਸਮਾਜ ਦੀ ਅਸਲ ਪਹਿਚਾਣ ਹੈ।



ਰਸ਼ਪਾਲ ਕੌਰ
ਅਧਿਆਪਕਾ
ਕਪੂਰਥਲਾ

# ਆ ਗਿਆ ਬਈ ਆ ਗਿਆ 'ਵੈਨਕੂਵਰ ਦਾ ਪੰਜਾਬੀ ਸੱਭਿਆਚਾਰਕ ਮੇਲਾ', ਲੱਗਣਗੀਆਂ ਰੌਣਕਾਂ ਐਤਵਾਰ ਦੋ ਅਗਸਤ ਨੂੰ

## ਜੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਮੇਲੇ ਦੀਆਂ ਤਿਆਰੀਆਂ- ਸਤਨਾਮ ਸਰੋਆ - ਗੋਪਾਲ ਲੋਹੀਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਵੈਨਕੂਵਰ ਦੀ ਪੰਜਾਬੀ ਮੇਲਾ ਸੋਸਾਇਟੀ ਵੱਲੋਂ ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਵੈਨਕੂਵਰ ਵਿਖੇ ਪੰਜਾਬੀ ਮੇਲਾ 2 ਅਗਸਤ 2026 ਤੂੰ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ । ਜਿਸ ਦੀ ਜਾਣਕਾਰੀ ਦਿੰਦਿਆਂ ਇਸਦੇ ਮੇਨ ਸਪੋਂਸਰ ਸਤਨਾਮ ਸਰੋਆ ਅਤੇ ਪ੍ਰਬੰਧਕ ਗੋਪਾਲ ਲੋਹੀਆ ਨੇ ਦੱਸਿਆ ਕਿ ਇਸ ਵਾਰ ਸ ਇਸ ਮੇਲੇ ਵਿੱਚ ਪ੍ਰਸਿੱਧ ਦੋਗਾਣਾ ਜੋੜੀ ਦਿਲਰਾਜ ਅਤੇ ਮਿਸ ਨੀਲਮ ਸਮੇਤ ਅਸ਼ੋਕ ਪ੍ਰਿੰਸ, ਹੁਸਨਪ੍ਰੀਤ, ਮਲਿਕਾ - ਜੋਤੀ, ਗੁਰਪ੍ਰੀਤ ਪਮਾਲ, ਹੈਰੀ ਬੱਲ, ਮਿਸ ਸੁਰਮਨੀ, ਵਿਜੇ ਯਮਲਾ, ਸੰਦੀਪ ਗਰਚਾ, ਸ਼ਾਮ ਪੰਡੋਰੀ, ਮੋਮੀ ਢਿੱਲੋ, ਗੁਰਦੇਵ ਕੌਰ ਸਮੇਤ ਕਈ ਹੋਰ ਕਲਾਕਾਰ ਆਪਣੇ ਫ਼ਨ ਦਾ ਪ੍ਰਦਰਸ਼ਨ ਕਰਨਗੇ। ਇਹ ਸਭਿਆਚਾਰਕ ਮੇਲਾ ਹਰ ਵਰ੍ਹੇ ਦੀ ਤਰ੍ਹਾਂ ਇਸ ਵਾਰ ਵੀ ਐਤਵਾਰ ਵਾਲੇ ਦਿਨ ਦੋ ਅਗਸਤ ਨੂੰ ਬਾਲਟਰ ਮੋਬਰਲੀ ਪਾਰਕ ਰੋਸ ਸਟਰੀਟ ਵੈਨਕੂਵਰ ਵਿਖੇ ਹੀ ਲੱਗੇਗਾ। ਜਿਸ ਵਿੱਚ ਬੱਚਿਆਂ ਦੀਆਂ ਰਾਈਡਾਂ, ਫੂਡ ਸਟਾਲ, ਕਮਿਊਨਿਟੀ ਬੂਥ ਅਤੇ ਫਰੀ ਸ਼ਬੀਲ ਸੇਵਾ ਕੀਤੀ ਜਾਵੇਗੀ । ਇਸ ਮੇਲੇ ਲਈ ਸੁਰਿੰਦਰ ਰੰਗਾ, ਭੋਲਾ ਸੰਧੂ, ਬਲਜਿੰਦਰ ਭੱਟੀ, ਰਾਣਾ ਗਿੱਲ, ਰਿੱਕ ਟੂਰਾ, ਚਾਚਾ ਕੇਵਲ ਸਿੱਧੂ,




ਮੁੱਖਦੇਵ ਬਾਗੜੀ, ਬੂਟਾ ਸਿੰਘ ਜੌਹਲ ਸਮੇਤ ਕਈ ਹੋਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਮੇਲੇ ਦੇ ਮੁੱਖ ਪ੍ਰਬੰਧਕ ਕਸ਼ਮੀਰ ਧਾਰੀਵਾਲ, ਗੋਪਾਲ ਲੋਹੀਆ , ਸੁਰਿੰਦਰ ਰੰਗਾ, ਜੋਗਿੰਦਰ ਸੰਗਰ, ਜਗਦੀਪ ਸੰਗੇੜਾ, ਭੋਲਾ ਸੰਧੂ, ਰਾਣਾ ਗਿੱਲ, ਸਤਨਾਮ ਸਰੋਆ ਹਨ ,ਜੋ ਮੇਲੇ ਦੇ ਸਾਰੇ ਪ੍ਰਬੰਧਾਂ ਦਾ ਜਾਇਜਾ ਲੈ ਰਹੇ ਹਨ ਤੇ ਮੇਲੇ ਦੀਆਂ ਤਿਆਰੀਆਂ ਵਿੱਚ ਮੁਕੰਮਲ ਤੌਰ ਤੇ ਸ਼ੁਮਾਰ ਹਨ । ਜਿਕਰਯੋਗ ਹੈ ਕਿ ਇਹ ਮੇਲਾ ਪੰਜਾਬੀ ਸੱਭਿਆਚਾਰ, ਮਾਂ ਬੋਲੀ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਵਿੱਚ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕਰਕੇ ਕਨੇਡਾ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ ਜਾਂਦਾ ਹੈ।

for more news visit:
www.samajweekly.com

# ਕਹਾਣੀ (ਹਨੇਰੇ ਦੇ ਆਖ਼ਰੀ ਪਹਿਰ ਵਿੱਚ)

ਰੋਟੀ ਟੁੱਕ ਤੋਂ ਬਾਅਦ ਭਾਂਡਿਆਂ ਦੀ ਸਾਫ਼ ਸਫ਼ਾਈ ਕਰਕੇ ਪਤਨੀ ਮੋਬਾਈਲ ਲੈ ਕੇ ਬੈਠ ਗਈ। ਦੇਖ ਕੇ ਮੈਂ ਖਿਝਦਿਆਂ ਕਿਹਾ ,"ਫੇਰ ਮੋਬਾਈਲ ਚੁੱਕ ਕੇ ਬਹਿ ਗਈ …ਸੌਣਾ ਨ੍ਹੀਂ ਹੁਣ ?"

"ਸੌਂਦੇ ਆਂ .. ਪਹਿਲਾਂ ਵੀਡੀਓ ਤਾਂ ਦੇਖਿਓ .. ਦੇਖ ਤੇ ਰੋਣਾ ਆਉਂਦਾ …ਹਾਲਾਤ ਕਿਹੋ ਜਿਹੇ ਬਣ ਗਏ ਨੇ ।" ਪਤਨੀ ਨੇ ਮੇਰੇ ਵੱਲ ਸਾਹਮਣੇ ਮੋਬਾਈਲ ਕਰਕੇ ਫ਼ਿਕਰਮੰਦੀ ਜ਼ਾਹਰ ਕਰਦਿਆਂ ਕਿਹਾ ।

ਮੈਂ ਦੇਖਿਆ ਕਿ ਮੋਬਾਈਲ ਦੀ ਸਕਰੀਨ ਤੇ ਹੜ੍ਹ ਦੇ ਏਰੀਆ ਵਿੱਚ ਬਣਾਈ ਗਈ ਵੀਡੀਓ ਚੱਲ ਰਹੀ ਸੀ। ਵੀਡੀਓ ਵਿੱਚ ਕੁੱਝ ਬੱਚੇ ਲੰਗਰ ਵਾਲੀ ਟਰਾਲ਼ੀ ਵੱਲ ਭੱਜਦੇ ਹਨ ਤੇ ਜਦੋਂ ਲੰਗਰ ਵਾਲੇ ਬੱਚਿਆਂ ਨੂੰ ਘੂਰ ਕੇ ਪੈਂਦੇ ਹਨ ਤਾਂ ਬੱਚੇ ਉੱਥੋਂ ਭੱਜਣ ਲੱਗਦੇ ਹਨ ।ਪਰ ਉਨ੍ਹਾਂ ਸੇਵਾਦਾਰਾਂ ਵਿੱਚੋਂ ਇੱਕ ਵਿਅਕਤੀ ਬੱਚੇ ਨੂੰ ਪੁਚਕਾਰ ਕੇ ਬੁਲਾਉਂਦਾ ਹੈ। ਤੇ ਉਸਨੂੰ ਕਈ ਤਰ੍ਹਾਂ ਸਵਾਲ ਕਰਦਾ ਹੋਇਆ ਵੀਡੀਓ ਬਣਾ ਰਿਹਾ ਹੈ । ਉਹ ਬਾਲਕ ਇਸ ਤਰ੍ਹਾਂ ਡਰ ਰਿਹਾ ਹੈ ਜਿਵੇਂ ਉਹ ਵੀਡੀਓ ਬਣਾਉਣ ਵਾਲਾ ਉਸ ਮਾਸੂਮ ਦੀ ਮਾਸੂਮੀਅਤ, ਲਾਚਾਰੀ ਅਤੇ ਬੇਬਸੀ ਦਾ ਚੀਰਹਰਨ ਕਰ ਰਿਹਾ ਹੋਵੇ । ਦੇਖ ਕੇ ਮੈਂ ਪਤਨੀ ਨੂੰ ਕਹਿੰਦਾ ਹਾਂ ਕਿ,"ਏਹ ਤਾਂ ਚੱਲਦਾ ਹੀ ਰਹਿੰਦਾ ਏ।

ਸਾਰੇ ਲੋਕ ਇੱਕੋ ਜਿਹੇ ਨਹੀਂ ਹੁੰਦੇ । ਇਸ ਸੇਵਾ ਵਿੱਚ ਬਹੁਤ ਸਾਰੇ ਸੇਵਾਦਾਰ ਅਜਿਹੇ ਵੀ ਹੋਣਗੇ ਜੋ ਜਾਤ-ਪਾਤ , ਧਰਮ ਮਜ਼ਹਬ ਤੋਂ ਉੱਪਰ ਕੇ ਸੇਵਾ ਕਰ ਰਹੇ ਹੋਣਗੇ ।"

"ਨਹੀਂ…ਨਹੀਂ…ਕਿਉਂ ਚੱਲਦਾ ਏ…ਪਹਿਲਾਂ ਤਾਂ ਕਦੇ ਏਨ੍ਹਾਂ ਦੀ ਸੜਕਾਂ ਤੇ ਖੜ੍ਹ ਕੇ ਮੰਗਣ ਦੀ ਵੀਡੀਓ ਨਹੀਂ ਆਈ..ਹੜ੍ਹਾਂ ਦੀ ਬਿਪਤਾ ਨੇ ਏਨ੍ਹਾਂ ਨੂੰ ਸੜਕਾਂ ਤੇ ਲਿਆ ਖੜ੍ਹਾ ਕੀਤਾ ਹੈ ..ਵਿਚਾਰਿਆਂ ਨੂੰ …ਲੋਕਾ ਨੂੰ ਕੁੱਝ ਤਾਂ ਸੋਚਣਾ ਚਾਹੀਦਾ ।" ਪਤਨੀ ਨੇ ਕੁਝ ਰੋਸ ਜਿਹਾ ਜ਼ਾਹਰ ਕੀਤਾ।

ਮੈਂ ਕਿਹਾ ,"ਸਕਤੇ ਦਾ ਸੱਤੀਂ ਵੀਹੀਂ ਸੌ ਹੁੰਦਾ ਭਾਗਵਾਨੇ । ਅਸੀਂ ਲੱਖ ਕਹੀ ਜਾਈਏ ਕਿ ਇਹਨਾਂ ਦੀ ਮਜ਼ਬੂਰੀ ਆ । ਕੋਈ ਸੁਣੇਗਾ । ਉਲਟਾ ਸ਼ੋਸ਼ਲ ਮੀਡੀਆ ਤੇ ਸਾਡੀ ਮਾਂ ਭੈਣ ਇੱਕ ਕਰ ਦੇਣ ਦੇਣਗੇ ।"

"ਪਰ ਹੈ ਤਾਂ ਗਲਤ ਗੱਲ ..ਇਹਨਾਂ ਹੜ੍ਹਾਂ ਨਾਲ ਹਰ ਤਬਕੇ ਦਾ ਨੁਕਸਾਨ ਹੋਇਆ ਹੈ । ਕਿਸੇ ਦਾ ਘੱਟ ਤੇ ਕਿਸੇ ਦਾ ਵੱਧ …ਭਲਾਂ ਕਿੰਨਾ ਕੁ ਰਾਸ਼ਨ 'ਕੱਠਾ ਕਰ ਲੈਂਦੇ ਏਹ ਗਰੀਬ …..। ਤੇ ਇਹਨਾਂ ਬੱਚਿਆਂ ਨੂੰ ਉਸ ਦੀਆਂ ਕਹੀਆਂ ਹੋਈਆਂ ਗੱਲਾਂ ਸਾਰੀ ਉਮਰ ਨਹੀਂ ਭੁੱਲਣੀਆਂ ।" ਪਤਨੀ ਲਗਾਤਾਰ ਬੋਲੀ ਜਾ ਰਹੀ ਸੀ ।

"ਭੁੱਲਣੀਆਂ ਤਾਂ ਨਹੀਂ…ਪਰ ਆਪਾਂ ਕਰ ਕੀ ਸਕਦੇ ਹਾਂ …ਲੋਕਾਂ ਦੀ ਜ਼ਹਿਨੀਅਤ ਨੂੰ ਥੋੜੀ ਬਦਲ ਸਕਦੇ ਹਾਂ…ਚੱਲ ਛੱਡ .. ਸੌਂ ਜਾ …ਸਵੇਰੇ ਉੱਠਣਾ ਵੀ ਜਲਦੀ ਆ ।" ਮੈਂ ਕਿਹਾ ।

ਮੈਨੂੰ ਯਾਦ ਆਇਆ ਕਿ ਮੈਂ ਵੀ ਦੋ ਤਿੰਨ ਅਜਿਹੀਆਂ ਵੀਡੀਓ ਦਿਨੇ ਮੋਬਾਈਲ ਵਿੱਚ ਦੇਖੀਆਂ ਸਨ। ਇੱਕ ਵੀਡੀਓ ਵਿੱਚ ਸੇਵਾਦਾਰ ਇੱਕ ਬਜ਼ੁਰਗ ਔਰਤ ਨੂੰ ਲੰਗਰ ਲੈਣ ਸਬੰਧੀ ਸਵਾਲ ਜਵਾਬ ਕਰਕੇ ਵੀਡੀਓ ਬਣਾ ਰਹੇ ਸੀ ਤੇ ਇੱਕ ਵੀਡੀਓ ਵਿੱਚ ਨੌਜਵਾਨ ਮੁੰਡੇ ਨੂੰ ਸੇਵਾਦ-ਾਰ ਘੇਰੀ ਖੜ੍ਹੇ ਸੀ ਕਿ 'ਉਹ ਸੜਕਾਂ ਤੇ ਖੜ੍ਹ ਟਰੈਕਟਰ ਟਰਾਲੀਆਂ ਰੋਕ ਰਾਸ਼ਨ ਇਕੱਠਾ ਕਰਕੇ ਘਰਾਂ ਨੂੰ ਲਿਜਾ ਰਹੇ ਹਨ ।' ਪਰ ਮੈਂ ਇਹਨਾਂ ਘਟਨਾਵਾਂ ਤੋਂ ਪਾਸਾ ਵੱਟਦਾ ਹੋਇਆ ਮੋਬਾਈਲ ਸਾਈਡ ਏਬਲ ਰੱਖ ਕੇ ਸੌਂ ਦੀ ਕੋਸ਼ਿਸ਼ ਕਰਦਾ ਹਾਂ ਪਰ ਨੀਂਦ ਤਾਂ ਪਤਾ ਨਹੀਂ ਕਿੱਥੇ ਉੱਡ ਪੁੱਡ ਗਈ ਹੈ।

ਮੈਂ ਛੱਤ ਵੱਲ ਦੇਖ ਕੇ ਕਹਿੰਦਾ ਹਾਂ,"ਸ਼ੁਕਰ ਆ ਦਾਤਿਆ …ਉਹ ਵੀ ਕੇਹੇ ਉਦਾਸ ਦਿਨ ਸਨ ..ਜਦੋਂ ਬਾਲਿਆਂ ਤੇ ਸਲਵਾੜ ਦੀ ਛੱਤ ਹੁੰਦੀ ਸੀ ।" ਮੀਂਹ ਲਗਾਤਾਰ ਕਈ ਦਿਨਾਂ ਤੋਂ ਪੈ ਰਿਹਾ ਸੀ । ਕੰਧਾਂ ਸਾਰੀਆਂ ਗਿੱਲੀਆਂ ਸਨ …ਡਿੱਗੂ-ਡਿੱਗੂ ਕਰਦੀਆਂ । ਤਿੰਨਾ ਖਣਾਂ ਮਕਾਨ । ਇੱਕ ਸ਼ਤੀਰ ਤੇ ਦੂਜਾ ਗੋ਼ਲਾ ਪਾ ਕੇ ਬਾਲਿਆਂ ਉੱਪਰ ਸਲਵਾੜ ਪਾ ਕੇ ਛੱਤਿਆ ਹੋਇਆ ਸੀ। ਸਾਰਾ ਚੋਂਦਾ ਸੀ । ਜਿਸ ਪਾਸਿਓਂ ਥੋੜ੍ਹਾ ਜਿਹਾ ਜੇ ਬਚਾਅ ਸੀ ਤਾਂ ਉਸ ਪਾਸੇ ਵਾਲਾ ਗੋ਼ਲਾ ਘੁਣ ਦਾ ਖਾਧਾ ਸੀ, ਜਿਸਦੇ ਹੇਠਾਂ ਬਚਾਅ ਲਈ ਥੰਮੀ ਲਾਈ ਹੋਈ ਸੀ । ਉਸ ਪਾਸੇ ਪੇਟੀ ਵੀ ਪਈ ਸੀ । ਤ੍ਰਿਪ -ਤ੍ਰਿਪ ਛੱਤ ਚੋਈ ਜਾਂਦੀ । ਬੀਬੀ ਨੇ ਦੇਹਲੀ ਕੋਲ ਟੋਇਆ ਪੁੱਟ ਦਿੱਤਾ ਸੀ ਤਾਂ ਜੋ ਅੰਦਰਲਾ ਤੇ ਬਾਹਰਲੀ ਵਾਛੜ ਦੇ ਪਾਣੀ ਨਾਲ ਅੰਦਰ ਨਾ ਭਰ ਜਾਵੇ । ਅਸੀਂ ਵਾਰੀ ਵਾਰੀ ਬਾਟੀ ਨਾਲ ਅੰਦਰੋਂ ਪਾਣੀ ਕੱਢੀ ਜਾਂਦੇ । ਅੰਦਰ ਕਿਤੇ ਬਾਲਟੀ ,ਕਿਤੇ ਪਰਾਤ ,ਕਿਤੇ ਡੋਲੂ ਰੱਖਿਆ ਹੋਇਆ ਸੀ ।

ਜਦੋਂ ਬਿਜਲੀ ਲਿਸ਼ਕਦੀ ਤਾਂ ਬੀਬੀ ਕਹਿੰਦੀ ਕਿ ਅੱਖਾਂ ਬੰਦ ਕਰਕੇ ਬਾਬੇ ਫਰੀਦ ਦਾ ਨਾਮ ਲਵੋ । ਤੇ ਜਦੋਂ ਧੜ੍ਹੰਮ ਕਰਕੇ ਕਿਸੇ ਦਾ ਮਕਾਨ ਡਿੱਗਣ ਦੀ ਅਵਾਜ਼ ਆਉਂਦੀ ਤਾਂ ਸਾਹ ਹੀ ਸੂਤੇ ਜਾਂਦੇ ।ਬੀਬੀ ਫਿਰ ਹੱਥ ਜੋੜ ਤਰਲਾ ਕਰਦੀ ,"ਵਾਹਿਗੁਰੂ ਮੇਹਰ ਕਰ ,ਗਰੀਬਾਂ ਤੇ ।"

ਇੱਕ ਰਾਤ ਦੇਬੂ ਕੀ ਗਲੀ ਵਿੱਚ ਕੰਧ ਡਿੱਗ ਪਈ ।ਬੀਹੀ ਸਾਰੀ ਪਾਣੀ ਨਾਲ ਭਰ ਗਈ । ਸਾਰੀ ਰਾਤ ਕੰਧ ਦੇ ਮਲਬੇ ਨੂੰ ਗਲੀ ਵਿੱਚੋਂ ਹਟਾਉਂਦਿਆਂ ਲੰਘ ਗਈ । ਦੂਜੀ ਰਾਤ ਛੋਟੂ ਬਾਬੇ ਕੀ ਕੰਧ ਡਿੱਗ ਪਈ ।ਫਿਰ ਬੀਹੀ ਵਿੱਚ ਮਲਬੇ ਦਾ ਢੇਰ ਲੱਗ ਗਿਆ । ਇਸ ਸਮੇਂ ਬੀਹੀ ਵਿੱਚੋਂ ਪਾਣੀ ਨਿਕਲਦਾ ਕਰਨਾ ਜ਼ਰੂਰੀ ਬਣ ਜਾਂਦਾ । ਇਹਨਾਂ ਹੜ੍ਹਾਂ ਵਿੱਚ ਕਈ ਦਿਨ ਲਗਾਤਾਰ ਮੀਂਹ ਪੈਂਦਾ ਰਿਹਾ ।ਬੀਬੀ ਦਾ ਸਾਰਾ ਦਿਨ ਡੰਗਰਾਂ ਦੇ ਓਪੜ ਪੋਹੜ ਵਿੱਚ ਲੰਘ ਜਾਂਦਾ ਤੇ ਰਾਤ ਨੂੰ ਡਿੱਗਦੇ ਮਕਾਨਾਂ ਦੀ ਆਵਾਜ਼ ਨਾਲ ਉੱਠਦੇ ਚੀਕ ਚਿਹਾੜੇ ਨਾਲ ਜਾਨ ਮੁੱਠੀ ਵਿੱਚ ਆਈ ਰਹਿੰਦੀ । ਅੱਜ ਜਦੋਂ ਕਰੋੜਾਂ ਦੇ ਫ਼ਰਮਾਨ ਹੋ ਰਹੇ ਹਨ । ਪਰ ਹਰ ਫੁਰਮਾਨ ਵਿੱਚ ਮਜ਼ਦੂਰ ਪੱਖੀ ਫ਼ੁਰਮਾਨ ਗਾਇਬ ਹੁੰਦਾ ਹੈ । ਸੋਚਦਾ ਹਾਂ ਉਦੋਂ ਵੀ ਅਜਿਹੇ ਹੀ ਤਖ਼ਤਾਂ ਤੋਂ ਬਿਆਨ ਆਏ ਹੋਣਗੇ । ਪਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਾਗਜ਼ਾਂ ਤੋਂ ਗਾਇਬ ਕਰ ਦਿੱਤੇ ਜਾਣਗੇ …ਇਹ ਨਿੱਕੇ-ਨਿੱਕੇ ਘਰ …ਇਹ ਛੋਟੇ ਲੋਕ ..ਜੋ ਸਦੀਆਂ ਗੂੰਗੇ ਅਤੇ ਬੋਲੇ ਬਣਕੇ ਜੀਅ ਰਹੇ ਹਨ ।

ਉਦੋਂ ਅੱਜ ਦੇ ਵਾਂਗ ਨਾ਼ਲੋ ਨਾ਼ਲ ਨਹੀਂ ਸੀ ਪਤਾ ਲੱਗਦਾ । ਸੋਸ਼ਲ ਮੀਡੀਆ ਨਹੀਂ ਸੀ । ਹੁਣ ਤਾਂ ਹਰ ਕੋਈ ਕਿਸੇ ਕੋਲ ਮੋਬਾਈਲ ਹੈ ।ਹਰ ਘੜੀ ਹਰ ਪ਼ਲ ਦੀ ਜਾਣਕਾਰੀ ਪ੍ਰਾਪਤ ਹੋ ਰਹੀ ਹੈ । ਆਫਰੇ ਹੋਏ ਪਾਣੀਆਂ ।ਬੇਘਰ ਹੋਏ ਲੋਕਾਂ ਦੀ ।

ਇੱਕ ਪੱਤਰਕਾਰ ਵਿਹੜੇ ਵਾਲਿਆਂ ਦੇ ਘਰਾਂ ਵਿੱਚ ਘੁੰਮਦਾ ਹੋਇਆ ਵੀਡੀਓ ਬਣਾ ਰਿਹਾ ਸੀ । ..ਇੱਕ ਔਰਤ ਆਪਣੇ ਡਿੱਗੇ ਹੋਏ ਘਰ ਦੇ ਮਲਬੇ ਨੇੜੇ ਖੜ੍ਹੀ ਸੀ , ਬਾਹਰ ਖੁੱਲ੍ਹੇ ਅਸਮਾਨ ਹੇਠ ਵਿੱਚ ਖਾਲੀ ਭਾਂਡੇ ਪੱਤਰਕਾਰ ਨੂੰ ਦਿਖਾਉਂਦੀ ਹੈ। ਫੇਰ ਇੱਕ ਨੌਜਵਾਨ ਕੈਮਰੇ ਸਾਹਮਣੇ ਆਉਂਦਾ ਹੈ, ਆਪਣੀ ਬੇਬਸੀ ਦੀ ਗੱਲ ਕਰਦਿਆਂ ਉਹ ਦਲਿਤ ਨੌਜਵਾਨ ਕਾਫ਼ੀ ਰੋਹ ਅਤੇ ਰੋਸ ਬੋਲ ਰਿਹਾ ਹੈ ।ਕਹਿ ਰਿਹਾ ਹੈ ਕਿ 'ਸਾਡੇ ਲੋਕਾਂ ਦਾ ਤਾਂ ਜਲੂਸ ਕੱਢ ਕੇ ਰੱਖ ਦਿੱਤਾ ਹੈ ।ਜਿਵੇਂ ਅਸੀਂ ਕਿਸੇ ਹੋਰ ਦੇਸ਼ ਦੇ ਵਾਸੀ ਹੋਈਏ ।' ਅਜਿਹੀਆਂ ਸੋਚਾਂ ਸੋਚਦੇ ਦੀ ਅੱਖ ਲੱਗ ਜਾਂਦੀ ਹੈ । … ਪਰ ਮੋਬਾਈਲ ਤੇ ਦੇਖੀਆਂ ਵੀਡੀਓ ਨੇ ਦਿਮਾ਼ਗ ਵਿੱਚ ਅਜੇ ਵੀ ਖੌਰੂ ਪਾ ਰੱਖਿਆ ਹੈ । ਕੀ ਦੇਖਦਾਂ ਹਾਂ …ਬੱਚਿਆਂ ,ਬੁੱਢਿਆਂ,ਬਾਲੜੀਆਂ ਅਤੇ ਔਰਤਾਂ ਭੱਜੀਆਂ ਰਹੀਆਂ ਹਨ ।ਉਹਨਾਂ ਦੇ ਮਗਰ ਕੁਝ ਲੋਕ ਭੱਜੇ ਜਾ ਰਹੇ ਹਨ। ਤੇ ਉਹ ਔਰਤਾਂ ਪਿੱਛੇ ਵੱਲ ਦੇਖਦੀਆਂ ਹਨ ਤਾਂ ਉਹ ਉੱਚੀ ਉੱਚੀ ਹੱਲਾਂ ਬੋਲਣ ਵਾਲਿਆਂ ਵਾਂਗ ਬੋਲਦੇ ਹਨ, 'ਓ ਖੜ੍ਹਜੋ …ਹਲੇ ਲੂਲੀਓ …ਉਏ ਹਲੇ ਲੂਲੀਓ ।' ਉਹ ਭੱਜਦੇ ਹੋਏ ਲੋਕ ਸੜਕ ਤੋਂ ਉਤਰ ਕੇ ਨੀਵੀਆਂ ਥਾਵਾਂ ਵੱਲ ਭੱਜ ਰਹੇ ਹਨ।

ਮੈਂ ਉੱਠ ਕੇ ਬੈਠ ਜਾਂਦਾ ਹਾਂ । ਮੇਰੇ ਸਾਹ ਤੇਜ਼ ਚੱਲ ਰਹੇ ਹਨ । ਦਿਲ ਦੀ ਧੜਕਣ ਤੇਜ਼ ਹੈ । ਜਿਵੇਂ ਮੈਂ ਹੁਣੇ ਹੀ ਸੜਕ ਤੋਂ ਉਤਰਿਆ ਹੋਵਾਂ ।ਉੱਠ ਕੇ ਸਿਰਹਾਣੇ ਰੱਖੀ ਥਰਮਸ ਵਿੱਚੋਂ ਪਾਣੀ ਪੀਂਦਾ ਹੋਇਆ ਕਲੌਕ ਵੱਲ ਦੇਖਦਾ ਹਾਂ । ਸਮਾਂ ਅਜੇ ਤੜ੍ਹਕੇ ਚਾਰ ਵਜੇ ਦਾ ਹੈ ।

ਪੋਰਚ ਵਿੱਚ ਆ ਖੜ੍ਹਾ ਹੋਇਆ ਹਾਂ। ਸ਼ਹਿਰ ਦੀ ਆਬਾਦੀ ਵਿੱਚ ਬਣੇ ਗੁਰਦੁਆਰੇ ਤੋਂ ਭਾਈ ਜੀ ਨੇ ਵਾਕ ਲਿਆ ਹੈ। ਰੋਜ਼ਮਰਾ ਦੀ ਜ਼ਿੰਦਗੀ ਦਾ ਆਗ਼ਾਜ ਹੋ ਗਿਆ ਹੈ। ਮੈਂ ਅੰਦਰ ਵੱਲ ਨੂੰ ਮੁੜਦਾ ਮੁੜਦਾ ਰੁਕ ਗਿਆ ਹਾਂ। ਸ਼ਾਇਦ ਇਸ ਲਈ ਕਿ ਅੱਜ ਚੜ੍ਹਦਾ ਸੂਰਜ ਦੇਖਣ ਦਾ ਮਨ ਕਰ ਰਿਹਾ ਸੀ। ਹਵਾ ਵਿੱਚ ਨਮੀਂ ਹੈ, ਹੁੰਮਸ ਵੀ ਬੜੀ ਹੈ। ਮੌਸਮ ਨਾਸਾਜ਼ ਹੈ। ਪੂਰਬ ਦੀ ਕੁੱਖ ਹਨੇਰੇ ਦੇ ਆਗੋਸ਼ ਵਿੱਚ ਹੈ। ਸੂਰਜ ਦੇ ਚੜ੍ਹਨ ਵਿੱਚ ਹਾਲੇ ਦੇਰ ਹੈ।



**ਜਗਤਾਰ ਸਿੰਘ ਹਿੱਸੋਵਾਲ**
**132, ਸਿੰਗਲਾ ਇਨਕਲੇਵ**
**ਰਾਏਕੋਟ ਰੋਡ,ਮੁੱਲਾਂਪੁਰ**
**ਜ਼ਿਲ੍ਹਾ ਲੁਧਿਆਣਾ**
**98783 30324**






# ਭਾਰਤੀ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਭਾਰਤ ਦੇ ਵਿਦਿਆਰਥੀ ਅੰਦੋਲਨ ਦੀ ਹਮਾਇਤ, ਪੁਲਿਸ ਕਾਰਵਾਈ ਦੀ ਸਖ਼ਤ ਨਿੰਦਾ

**ਲੰਡਨ, (ਪ੍ਰੈਸ ਰਿਲੀਜ਼):** ਭਾਰਤੀ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਭਰ ਵਿੱਚ ਚੱਲ ਰਹੇ ਵਿਦਿਆਰਥੀ ਅੰਦੋਲਨ ਪ੍ਰਤੀ ਆਪਣਾ ਪੂਰਾ ਸਮਰਥਨ ਪ੍ਰਗਟ ਕਰਦਿਆਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਵਿਰੁੱਧ ਪੁਲਿਸ ਵੱਲੋਂ ਕੀਤੇ ਗਏ ਬਲ ਪ੍ਰਯੋਗ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਅੰਤਰਰਾਸ਼ਟਰੀ ਮੀਡੀਆ ਵਿੱਚ ਸਾਹਮਣੇ ਆਈਆਂ ਰਿਪੋਰਟਾਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਉੱਤੇ ਲਾਠੀਚਾਰਜ, ਅੱਥਰੂ ਗੈਸ ਦੀ













ਵਰਤੋਂ ਅਤੇ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀਆਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਸ਼ਾਮਲ ਹਨ, ਬਹੁਤ ਹੀ ਚਿੰਤਾਜਨਕ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਲੋਕਤੰਤਰੀ ਦੇਸ਼ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨਾ ਹਰ ਨਾਗਰਿਕ ਦਾ ਬੁਨਿਆਦੀ ਅਤੇ ਸੰਵਿਧਾਨਕ ਅਧਿਕਾਰ ਹੈ, ਜਿਸ ਦਾ ਹਰ ਹਾਲ ਵਿੱਚ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਵਿਦਿਆਰਥੀ ਅੰਦੋਲਨ ਹੁਣ ਸਿਰਫ਼ ਪ੍ਰੀਖਿਆ ਪ੍ਰਣਾਲੀ ਦਾ ਮੁੱਦਾ ਨਹੀਂ ਰਿਹਾ, ਸਗੋਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨੌਜਵਾਨਾਂ ਦੇ ਭਵਿੱਖ ਅਤੇ ਬਰਾਬਰ ਦੇ ਮੌਕਿਆਂ ਦੀ ਘਾਟ ਵਿਰੁੱਧ ਦੇਸ਼-ਵਿਆਪੀ ਲੋਕ ਅੰਦੋਲਨ ਦਾ ਰੂਪ ਧਾਰ ਚੁੱਕਾ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਸ਼ਹਿਰਾਂ ਵਿੱਚ ਲੱਖਾਂ ਵਿਦਿਆਰਥੀ ਅਤੇ ਨੌਜਵਾਨ ਸੜਕਾਂ 'ਤੇ ਉਤਰ ਕੇ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਵਰਕਰਜ਼ ਐਸੋਸੀਏਸ਼ਨ ਨੇ ਚਿੰਤਾ ਜ਼ਾਹਰ ਕੀਤੀ ਕਿ ਲਗਾਤਾਰ ਚੱਲ ਰਹੇ ਪ੍ਰਦਰਸ਼ਨਾਂ ਕਾਰਨ ਕਈ ਥਾਵਾਂ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ ਅਤੇ ਰੇਲ ਸੇਵਾਵਾਂ ਵਿੱਚ ਵੀ ਰੁਕਾਵਟਾਂ ਆਈਆਂ ਹਨ, ਜਿਸ ਨਾਲ ਆਮ ਲੋਕਾਂ, ਰੋਜ਼ਾਨਾ ਯਾਤਰੀਆਂ ਅਤੇ ਕਾਰੋਬਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਭਾਰਤ ਗਏ ਹਜ਼ਾਰਾਂ ਪਰਵਾਸੀ ਭਾਰਤੀ (ਐਨ.ਆਰ.ਆਈ.) ਵੀ ਯਾਤਰਾ ਵਿੱਚ ਵਿਘਨ ਅਤੇ ਅਨਿਸ਼ਚਿਤਤਾ ਕਾਰਨ ਪ੍ਰਭਾਵਿਤ ਹੋ ਰਹੇ ਹਨ।

ਐਸੋਸੀਏਸ਼ਨ ਨੇ ਕਿਹਾ ਕਿ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਦਾ ਜਵਾਬ ਲਾਠੀਚਾਰਜ ਅਤੇ ਬਲ ਪ੍ਰਯੋਗ ਨਾਲ ਨਹੀਂ, ਸਗੋਂ ਗੱਲਬਾਤ, ਪਾਰਦਰਸ਼ਤਾ ਅਤੇ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਰਾਹੀਂ ਦੇਣਾ ਚਾਹੀਦਾ ਹੈ। ਲੋਕਤੰਤਰ ਵਿੱਚ ਅਸਹਿਮਤੀ ਨੂੰ ਕੁਚਲਣਾ ਨਹੀਂ, ਸਗੋਂ ਸੁਣਨਾ ਅਤੇ ਉਸ ਦਾ ਹੱਲ ਲੱਭਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਬਿਆਨ ਵਿੱਚ ਕਿਹਾ ਗਿਆ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਹੁਣ ਦੇਸ਼ ਹੀ ਨਹੀਂ, ਸਗੋਂ ਦੁਨੀਆ ਭਰ ਵਿੱਚ ਵਸਦੇ ਭਾਰਤੀ ਭਾਈਚਾਰੇ ਦਾ ਵੀ ਸਮਰਥਨ ਮਿਲ ਰਿਹਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਕਜੁੱਟਤਾ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜੋ ਇਹ ਦਰਸਾਉਂਦੇ ਹਨ ਕਿ ਭਾਰਤ ਦੇ ਨੌਜਵਾਨਾਂ ਦੀ ਆਵਾਜ਼ ਹੁਣ ਇੱਕ ਵਿਸ਼ਵ ਪੱਧਰੀ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ।




Police said 118 of their personnel were also injured



Security personnel arrest Indian opposition leader Rahul Gandhi as he stages a sit-in protest calling for Prime Minister Narendra Modi's resignation outside the latter's residence in New Delhi, India, July 21 [AFP]

ਭਾਰਤੀ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਐਲਾਨ ਕੀਤਾ ਹੈ ਕਿ ਉਹ ਭਾਰਤ ਦੇ ਵਿਦਿਆਰਥੀਆਂ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਜਲਦੀ ਹੀ ਬਰਤਾਨੀਆ ਵਿੱਚ ਇੱਕ ਵਿਸ਼ਾਲ ਅਤੇ ਸ਼ਾਂਤਮਈ ਰੋਸ ਮੁਜ਼ਾਹਰਾ ਕਰੇਗੀ। ਇਸ ਮੌਕੇ ਟਰੇਡ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

ਸੀਤਲ ਸਿੰਘ ਗਿੱਲ ਨੇ ਕਿਹਾ ਕਿ ਭਾਰਤ ਦੀ ਸਭ ਤੋਂ ਵੱਡੀ ਤਾਕਤ ਉਸਦੇ ਨੌਜਵਾਨ ਹਨ। ਜੇਕਰ ਨੌਜਵਾਨਾਂ ਦੀ ਆਵਾਜ਼ ਨੂੰ ਦਬਾਇਆ ਜਾਵੇਗਾ ਤਾਂ ਇਸ ਨਾਲ ਲੋਕਤੰਤਰ ਕਮਜ਼ੋਰ ਹੋਵੇਗਾ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਦੇਸ਼ ਦੀ ਤਰੱਕੀ ਦਮਨ ਨਾਲ ਨਹੀਂ, ਸਗੋਂ ਨਿਆਂ, ਸੰਵਾਦ, ਪਾਰਦਰਸ਼ਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੇ ਸਨਮਾਨ ਨਾਲ ਹੁੰਦੀ ਹੈ।

ਅੰਤ ਵਿੱਚ ਭਾਰਤੀ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਜਾਵੇ, ਬਲ ਪ੍ਰਯੋਗ ਨੂੰ ਤੁਰੰਤ ਰੋਕਿਆ ਜਾਵੇ, ਜ਼ਖ਼ਮੀਆਂ ਨੂੰ ਇਨਸਾਫ਼ ਅਤੇ ਇਲਾਜ ਮੁਹੱਈਆ ਕਰਵਾਇਆ ਜਾਵੇ ਅਤੇ ਵਿਦਿਆਰਥੀ ਆਗੂਆਂ ਨਾਲ ਤੁਰੰਤ ਗੱਲਬਾਤ ਸ਼ੁਰੂ ਕਰਕੇ ਇਸ ਸੰਕਟ ਦਾ ਸ਼ਾਂਤਮਈ ਅਤੇ ਲੋਕਤੰਤਰੀ ਹੱਲ ਕੱਢਿਆ ਜਾਵੇ।

# ਓ.ਟੀ.ਪੀ. ਦੀ ਗੁਪਤਤਾ ਤੁਹਾਡੀ ਵਿੱਤੀ ਸੁਰੱਖਿਆ ਦੀ ਅਸਲ ਚਾਬੀ

## ( ਘਰ-ਘਰ ਜਾਗਰੂਕਤਾ ਦੀ ਲੋੜ : ਪਰਿਵਾਰ ਦੇ ਹਰ ਮੈਂਬਰ ਨੂੰ ਓ.ਟੀ.ਪੀ. ਦੇ ਖ਼ਤਰਿਆਂ ਤੋਂ ਜਾਣੂ ਕਰਵਾਉਣਾ ਜ਼ਰੂਰੀ )

ਡਿਜੀਟਲ ਤਕਨਾਲੋਜੀ ਦੇ ਇਸ ਦੌਰ ਵਿੱਚ ਜਿੱਥੇ ਸਾਡੀ ਜ਼ਿੰਦਗੀ ਬਹੁਤ ਸੁਖਾਲੀ ਹੋ ਗਈ ਹੈ, ਉੱਥੇ ਹੀ ਸਾਈਬਰ ਅਪਰਾਧ ਅਤੇ ਆਨਲਾਈਨ ਠੱਗੀਆਂ ਦਾ ਖ਼ਤਰਾ ਵੀ ਬਹੁਤ ਜ਼ਿਆਦਾ ਵੱਧ ਗਿਆ ਹੈ। ਅੱਜ ਦੇ ਸਮੇਂ ਵਿੱਚ 'ਵਨ ਟਾਈਮ ਪਾਸਵਰਡ' ਯਾਨੀ ਓ.ਟੀ.ਪੀ. ਸਾਡੀ ਵਿੱਤੀ ਸੁਰੱਖਿਆ ਦੀ ਸਭ ਤੋਂ ਮਹੱਤਵਪੂਰਨ ਕੜੀ ਬਣ ਚੁੱਕਿਆ ਹੈ। ਸਾਡੀ ਇੱਕ ਛੋਟੀ ਜਿਹੀ ਲਾਪਰਵਾਹੀ ਜਾਂ ਅਣਜਾਣਪੁਣਾ ਪੂਰੇ ਪਰਿਵਾਰ ਨੂੰ ਵੱਡੀ ਮੁਸੀਬਤ ਵਿੱਚ ਪਾ ਸਕਦਾ ਹੈ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਗਿਆ ਹੈ ਕਿ ਘਰ ਦੇ ਹਰ ਇੱਕ ਮੈਂਬਰ ਨੂੰ, ਚਾਹੇ ਉਹ ਬੱਚੇ ਹੋਣ, ਬਜ਼ੁਰਗ ਹੋਣ ਜਾਂ ਮਹਿਲਾਵਾਂ, ਓ.ਟੀ.ਪੀ. ਦੀ ਅਹਿਮੀਅਤ ਅਤੇ ਇਸ ਨਾਲ ਜੁੜੇ ਖ਼ਤਰਿਆਂ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸਾਈਬਰ ਠੱਗ ਘਰ ਦੇ ਭੋਲੇ-ਭਾਲੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਮਾਸੂਮੀਅਤ ਦਾ ਫ਼ਾਇਦਾ ਉਠਾ ਕੇ ਫ਼ੋਨ 'ਤੇ ਆਇਆ ਕੋਡ ਪੁੱਛ ਲੈਂਦੇ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮਹਿਜ਼ ਇੱਕ ਓ.ਟੀ.ਪੀ. ਦੱਸਣ ਨਾਲ ਬੈਂਕ ਖਾਤੇ ਵਿੱਚੋਂ ਜਮ੍ਹਾਂ-ਪੂੰਜੀ ਪਲਾਂ ਵਿੱਚ ਗਾਇਬ ਹੋ ਸਕਦੀ ਹੈ, ਜਿਸ ਨਾਲ ਪਰਿਵਾਰ ਨੂੰ ਵੱਡਾ ਆਰਥਿਕ ਝਟਕਾ ਲੱਗ ਸਕਦਾ ਹੈ।


ਇਹ ਵੀ ਸੱਚ ਹੈ ਕਿ ਅੱਜ-ਕੱਲ੍ਹ ਰੋਜ਼ਾਨਾ ਦੇ ਕਈ ਕੰਮਾਂ ਵਿੱਚ ਸਾਨੂੰ ਓ.ਟੀ.ਪੀ. ਦੇਣ ਦੀ ਅਸਲ ਵਿੱਚ ਲੋੜ ਪੈਂਦੀ ਹੈ। ਉਦਾਹਰਨ ਦੇ ਤੌਰ 'ਤੇ ਜਦੋਂ ਘਰ ਵਿੱਚ ਕੋਈ ਡਾਕ ਜਾਂ ਪਾਰਸਲ ਪ੍ਰਾਪਤ ਕਰਨਾ ਹੋਵੇ, ਆਨਲਾਈਨ ਮੰਗਵਾਇਆ ਸਾਮਾਨ ਲੈਣਾ ਹੋਵੇ, ਜਾਂ ਫਿਰ ਘਰ ਦਾ ਕੋਈ ਇਲੈਕਟ੍ਰਾਨਿਕ ਉਪਕਰਣ ਜਿਵੇਂ ਫਰਿੱਜ, ਏ.ਸੀ. ਜਾਂ ਟੀ.ਵੀ. ਖ਼ਰਾਬ ਹੋਣ 'ਤੇ ਕੰਪਨੀ ਦਾ ਮਕੈਨਿਕ ਉਸ ਦੀ ਮੁਰੰਮਤ ਕਰਨ ਆਵੇ, ਤਾਂ ਕੰਪਨੀ ਵੱਲੋਂ ਕੰਮ ਮੁਕੰਮਲ ਹੋਣ ਦੀ ਪੁਸ਼ਟੀ ਲਈ ਇੱਕ ਕੋਡ ਭੇਜਿਆ ਜਾਂਦਾ ਹੈ। ਪਰ ਅਜਿਹੇ ਮੌਕਿਆਂ 'ਤੇ ਬਹੁਤ ਜ਼ਿਆਦਾ ਗੌਰ ਕਰਨ ਅਤੇ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਜਦੋਂ ਵੀ ਮੋਬਾਈਲ 'ਤੇ ਕੋਈ ਓ.ਟੀ.ਪੀ. ਆਵੇ, ਤਾਂ ਉਸ ਨੂੰ ਅੱਖਾਂ ਮੀਟ ਕੇ ਸਾਂਝਾ ਕਰਨ ਦੀ ਬਜਾਏ ਪਹਿਲਾਂ ਮੈਸੇਜ ਨੂੰ ਪੂਰੇ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਮੈਸੇਜ ਵਿੱਚ ਸਾਫ਼ ਲਿਖਿਆ ਹੁੰਦਾ ਹੈ ਕਿ ਇਹ ਕੋਡ ਕਿਸ ਮਕਸਦ ਲਈ ਭੇਜਿਆ ਗਿਆ ਹੈ—ਕੀ ਇਹ ਸਾਮਾਨ ਦੀ ਡਿਲੀਵਰੀ ਲਈ ਹੈ, ਸਰਵਿਸ ਦੀ ਪੁਸ਼ਟੀ ਲਈ ਹੈ ਜਾਂ ਫਿਰ ਕਿਸੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾਉਣ ਜਾਂ ਪਾਸਵਰਡ ਬਦਲਣ ਲਈ ਹੈ। ਜੇਕਰ ਮੈਸੇਜ ਵਿੱਚ ਲਿਖਿਆ ਮਕਸਦ ਤੁਹਾਡੇ ਕੰਮ ਨਾਲ ਮੇਲ ਨਹੀਂ ਖਾਂਦਾ, ਤਾਂ ਉਹ ਕੋਡ ਕਦੇ ਵੀ ਕਿਸੇ ਨਾਲ ਸਾਂਝਾ ਨਾ ਕਰੋ।

ਇਸ ਤੋਂ ਇਲਾਵਾ, ਇੱਕ ਹੋਰ ਵੱਡੀ ਲਾਪਰਵਾਹੀ ਜੋ ਆਮ ਤੌਰ 'ਤੇ ਘਰਾਂ ਵਿੱਚ ਦੇਖੀ ਜਾਂਦੀ ਹੈ, ਉਹ ਹੈ ਕਿਸੇ ਵੀ ਅਣਜਾਣ ਵਿਅਕਤੀ ਨੂੰ ਆਪਣਾ ਮੋਬਾਈਲ ਫ਼ੋਨ ਫੜਾ ਦੇਣਾ। ਕਈ ਵਾਰ ਕੋਈ ਬਾਹਰੀ ਵਿਅਕਤੀ ਜਾਂ ਗਲੀ-ਮੁਹੱਲੇ ਵਿੱਚ ਆਇਆ ਕੋਈ ਅਣਜਾਣ ਬੰਦਾ ਫ਼ੋਨ ਕਾਲ ਕਰਨ ਬਹਾਨੇ ਜਾਂ ਕੋਈ ਹੋਰ ਮਦਦ ਮੰਗ ਕੇ ਸਾਡਾ ਮੋਬਾਈਲ ਮੰਗ ਲੈਂਦਾ ਹੈ। ਅਜਿਹੀ ਸਥਿਤੀ ਵਿੱਚ ਬਹੁਤ ਜ਼ਿਆਦਾ ਗੁਰੇਜ਼ ਕਰਨਾ ਚਾਹੀਦਾ ਹੈ। ਅਣਜਾਣ ਵਿਅਕਤੀ ਦੇ ਹੱਥ ਵਿੱਚ ਫ਼ੋਨ ਜਾਣ ਨਾਲ ਉਹ ਤੁਹਾਡੇ ਫ਼ੋਨ 'ਤੇ ਆਏ ਗੁਪਤ ਮੈਸੇਜ ਜਾਂ ਓ.ਟੀ.ਪੀ. ਨੂੰ ਆਸਾਨੀ ਨਾਲ ਦੇਖ ਸਕਦਾ ਹੈ, ਜਾਂ ਫ਼ੋਨ ਵਿੱਚ ਕੋਈ ਖ਼ਤਰਨਾਕ ਲਿੰਕ ਜਾਂ ਐਪਲੀਕੇਸ਼ਨ ਡਾਊਨਲੋਡ ਕਰਕੇ ਤੁਹਾਡਾ ਨਿੱਜੀ ਡਾਟਾ ਚੋਰੀ ਕਰ ਸਕਦਾ ਹੈ। ਡਿਜੀਟਲ ਸੁਰੱਖਿਆ ਦਾ ਨਿਯਮ ਕਹਿੰਦਾ ਹੈ ਕਿ ਤੁਹਾਡਾ ਸਮਾਰਟਫ਼ੋਨ ਤੁਹਾਡੇ ਬੈਂਕ ਦੇ ਲਾਕਰ ਦੀ ਚਾਬੀ ਵਾਂਗ ਹੈ, ਜਿਸ ਨੂੰ ਕਿਸੇ ਗੈਰ-ਮਰਦ ਜਾਂ ਅਣਜਾਣ ਦੇ ਹੱਥ ਵਿੱਚ ਦੇਣਾ ਖ਼ਤਰੇ ਤੋਂ ਖਾਲੀ ਨਹੀਂ।

ਸਾਈਬਰ ਸੁਰੱਖਿਆ ਨੂੰ ਲੈ ਕੇ ਪਰਿਵਾਰ ਵਿੱਚ ਇੱਕ ਖੁੱਲ੍ਹੀ ਚਰਚਾ ਹੋਣੀ ਬਹੁਤ ਲਾਜ਼ਮੀ ਹੈ। ਘਰ ਦੇ ਸਾਰੇ ਮੈਂਬਰਾਂ ਨੂੰ ਇਹ ਪੱਕੇ ਤੌਰ 'ਤੇ ਸਿਖਾਇਆ ਜਾਵੇ ਕਿ ਕੋਈ ਵੀ ਬੈਂਕ, ਸਰਕਾਰੀ ਵਿਭਾਗ ਜਾਂ ਨਾਮਵਰ ਕੰਪਨੀ ਫ਼ੋਨ ਕਰਕੇ ਕਦੇ ਵੀ ਤੁਹਾਡੇ ਕੋਲੋਂ ਗੁਪਤ ਪਿੰਨ, ਪਾਸਵਰਡ ਜਾਂ ਓ.ਟੀ.ਪੀ. ਨਹੀਂ ਮੰਗਦੀ। ਜੇਕਰ ਕੋਈ ਫ਼ੋਨ 'ਤੇ ਲਾਟਰੀ ਨਿਕਲਣ, ਬੈਂਕ ਖਾਤਾ ਬੰਦ ਹੋਣ ਜਾਂ ਸਸਤੇ ਲੋਨ ਦਾ ਲਾਲਚ ਦੇ ਕੇ ਓ.ਟੀ.ਪੀ. ਮੰਗੇ, ਤਾਂ ਤੁਰੰਤ ਫ਼ੋਨ ਕੱਟ ਦਿੱਤਾ ਜਾਵੇ। ਜਿੰਨਾ ਚਿਰ ਅਸੀਂ ਪਰਿਵਾਰ ਦੇ ਹਰ ਮੈਂਬਰ ਨੂੰ ਡਿਜੀਟਲ ਰੂਪ ਵਿੱਚ ਸਾਖਰ ਅਤੇ ਸੁਚੇਤ ਨਹੀਂ ਬਣਾਵਾਂਗੇ, ਉੱਨਾ ਚਿਰ ਸਾਡੀ ਮਿਹਨਤ ਦੀ ਕਮਾਈ ਸੁਰੱਖਿਅਤ ਨਹੀਂ ਰਹਿ ਸਕਦੀ। ਜਾਗਰੂਕਤਾ ਹੀ ਸਾਈਬਰ ਠੱਗਾਂ ਦੇ ਇਸ ਜਾਲ ਤੋਂ ਬਚਣ ਦਾ ਸਭ ਤੋਂ ਉੱਤਮ ਅਤੇ ਇੱਕੋ-ਇੱਕ ਹੱਲ ਹੈ।



**ਚਾਨਣਦੀਪ ਸਿੰਘ ਔਲਖ**
**(ਮਾਨਸਾ), ਸੰਪਰਕ**
**9876888177**




# (ਜਿਵੇਂ ਜਿਵੇਂ ਉਮਰ ਵਧਦੀ ਹੈ!)

ਜਦੋਂ ਅਖਬਾਰ ਦੇ ਅੱਖਰ ਛੋਟੇ ਲੱਗਣ ਲੱਗ ਜਾਣ, ਤਾਂ ਇਸ਼ਾਰਾ ਕਰਦੀਆਂ ਛੋਟੀਆਂ ਛੋਟੀਆਂ ਗੱਲਾਂ ਨੂੰ ਕਰੋ ਨਜ਼ਰ ਅੰਦਾਜ਼। ਆਪਣੇ ਮਨ ਨੂੰ ਧਰਵਾਸ ਦਿਓ, ਕਰਕੇ ਪੁਰਾਣੀਆਂ ਗੱਲਾਂ ਯਾਦ। ਜ਼ਿੰਦਗੀ ਦੇ ਕਿਸੇ ਵੀ ਪੜਾਅ ਉੱਤੇ, ਰੁਝੇਵਿਆਂ ਵਿੱਚ ਰੱਖੋ, ਅਪਣਾ ਆਪ। ਵਿਅਸਤ ਰਹਿਕੇ, ਵਧੀਆ ਹੁੰਦਾ ਮਾਨਸਿਕ ਵਿਕਾਸ। "ਵਿਹਲਾ ਮਨ, ਸ਼ੈਤਾਨ ਦਾ ਚਰਖਾ"। ਸ਼ਹਿਰ ਸ਼ਹਿਰ ਹੋਵੇ ਇਸ ਦੀ ਚਰਚਾ। ਮਨੋਰੰਜਨ ਕਰਕੇ, ਦਿਲ ਨੂੰ ਰੱਖੋ ਜਵਾਨ, ਉਮਰਾਂ ਚ ਕੀ ਰੱਖਿਆ। ਕੌਣ ਬੁੱਝੇ ਦਿਲਾਂ ਦੀਆਂ ਗੱਲਾਂ, ਉਹੀ ਜਾਣੇ ਸਵਾਦ, ਜਿਨ੍ਹਾਂ ਨੇ ਚੱਖਿਆ। ਕੀ ਜਵਾਨੀ,ਕੀ ਅਧੇੜ, ਕੀ ਬੁੱਢੇ, ਹਰ ਕੋਈ ਚਾਹਵੇ ਇੱਜ਼ਤ ਮਾਨ। ਉਮਰਾਂ ਨਾਲ ਵਧਦੇ ਤਜਰਬੇ, ਇਸੇ ਵਿੱਚ ਉਨ੍ਹਾਂ ਦੀ ਸ਼ਾਨ। ਇਹੋ ਜਿਹੇ ਸਿਆਣੇ ਲੋਕਾਂ ਲਈ, ਹਰ ਦਿਲ ਵਿੱਚ, ਹੁੰਦਾ ਸਨਮਾਨ। ਪਸੰਦ ਕਰਦੇ ਮੱਲੋ ਮੱਲੀ ਲੋਕੀਂ, ਬਣਨ ਲਈ ਉਨ੍ਹਾਂ ਦੇ ਮਹਿਮਾਨ। ਇਸ ਵਿੱਚ ਸਮਝਦੇ ਅਪਣੀ ਸ਼ਾਨ।



ਜੇ ਤੁਸੀਂ ਆਪਣੇ ਮਿੱਥੇ ਟੀਚੇ, ਪ੍ਰਾਪਤ ਕਰ ਰਹੇ ਹੋ, ਤੁਸੀਂ ਬੁੱਢੇ ਨਹੀਂ ਹੋ, ਤੁਸੀਂ ਹੋ ਜਵਾਨ। ਜਿਵੇਂ ਜਿਵੇਂ ਉਮਰ ਵੱਧਦੀ, ਤਿਵੇਂ ਤਿਵੇਂ ਤਕਲੀਫਾਂ ਵੱਧਦੀਆਂ ਜਾਣ। ਕੋਈ ਨਾ ਉਨ੍ਹਾਂ ਨੂੰ ਲੱਭਦਾ, ਜਿਹੜਾ ਉਨ੍ਹਾਂ ਦੇ ਦੁੱਖ ਸੁਣੇ ਆਣ। ਫਿਰ ਵੀ ਦਰਦਾਂ ਦੇਣ ਵਾਲੇ ਦਾ ਕਰਨ ਗੁਣਗ-ਾਨ। ਰੱਬਾ ! ਤੇਰੇ ਬਿਨਾ ਨਾ ਕੋਈ ਸਾਡਾ ਕੋਈ ਨਾ, ਵਿੱਚ ਇਸ ਜਹਾਨ। ਦਰਦਮੰਦਾਂ ਦਿਆ ਦਰਦੀਆ, ਦੀਦਾਰ ਨੂੰ ਤਰਸੇ ਤੇਰਾ ਬੰਦਾ ਨਾਦਾਨ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ :**
**9878469639**

# ਤਲਾਕ ਕਾਰਨ ਟੁੱਟਦੇ ਘਰ -ਚਿੰਤਾ ਦਾ ਵਿਸ਼ਾ

ਘਰ ਇੱਟਾਂ, ਵੱਟਿਆਂ ਅਤੇ ਸੀਮੈਂਟ ਨਾਲ ਖੜ੍ਹੀ ਕੀਤੀ ਚਾਰਦੀਵਾਰੀ ਨਾਲ ਨਹੀਂ ਬਣਦਾ ਸਗੋਂ ਉਸ ਚਾਰਦੀਵਾਰੀ ਅੰਦਰ ਪਰਿਵਾਰ ਦੇ ਜੀਆਂ ਦੇ ਆਪਸੀ ਪਿਆਰ, ਭਰੋਸੇ, ਤਿਆਗ ਅਤੇ ਸਮਝ ਨਾਲ ਬਣਦਾ ਹੈ। ਘਰ ਪਰਿਵਾਰ ਦੇ ਜੀਆਂ ਦੇ ਆਪਸੀ ਸਹਿਯੋਗ ਤੇ ਵਿਸ਼ਵਾਸ ਨਾਲ ਬਣਦਾ ਹੈ। ਪਰਿਵਾਰ ਦੇ ਜੀਆਂ ਦਾ ਆਪਸੀ ਪਿਆਰ, ਹਮਦਰਦੀ ਅਤੇ ਸਤਿਕਾਰ ਹੀ ਘਰ ਦੀ ਨੀਂਹ ਮਜ਼ਬੂਤ ਕਰਦਾ ਹੈ ਜਦੋਂ ਇਹ ਨੀਂਹ ਕਮਜ਼ੋਰ ਹੋ ਜਾਂਦੀ ਹੈ ਤਾਂ ਇੱਟਾਂ ਵੱਟਿਆਂ ਨਾਲ਼ ਬਣੇ ਸ਼ਾਨਦਾਰ ਮਹੱਲ ਵੀ ਇੱਕ ਦਿਨ ਢਹਿ ਢੇਰੀ ਹੋ ਜਾਂਦੇ ਹਨ। ਘਰ ਪਰਿਵਾਰ ਦੇ ਜੀਆਂ ਦੇ ਖਿੜੇ ਚਿਹਰਿਆਂ ਨਾਲ਼ ਹੀ ਵਸਦੇ ਨਜ਼ਰ ਆਉਂਦੇ ਹਨ।

ਅੱਜ ਦੇ ਸਮੇਂ ਵਿੱਚ ਤਲਾਕਾਂ ਦੀ ਵਧਦੀ ਗਿਣਤੀ ਸਮਾਜ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਪਹਿਲਾਂ ਵਿਆਹ ਨੂੰ ਸੱਤ ਜਨਮਾਂ ਦਾ ਬੰਧਨ ਮੰਨਿਆ ਜਾਂਦਾ ਸੀ, ਪਰ ਹੁਣ ਕਈ ਜੋੜਿਆਂ ਲਈ ਇਹ ਰਿਸ਼ਤਾ ਥੋੜ੍ਹੇ ਸਮੇਂ ਵਿੱਚ ਹੀ ਟੁੱਟਣ ਲੱਗ ਪਿਆ ਹੈ। ਹਰ ਤਲਾਕ ਸਿਰਫ਼ ਦੋ ਵਿਅਕਤੀਆਂ ਦਾ ਵੱਖ ਹੋਣਾ ਨਹੀਂ ਹੁੰਦਾ, ਸਗੋਂ ਦੋ ਪਰਿਵਾਰਾਂ ਦੀਆਂ ਉਮੀਦਾਂ, ਬੱਚਿਆਂ ਦੇ ਸੁਪਨਿਆਂ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਵੀ ਦਰਾੜ ਪੈਦਾ ਕਰ ਜਾਂਦਾ ਹੈ। ਬੇਸ਼ੱਕ ਬਹੁਤ ਘੱਟ ਹਾਲਾਤਾਂ ਵਿੱਚ ਤਲਾਕ ਲਾਜ਼ਮੀ ਅਤੇ ਸਹੀ ਫ਼ੈਸਲਾ ਹੋ ਸਕਦਾ ਹੈ, ਖ਼ਾਸ ਕਰਕੇ ਜਦੋਂ ਦੋਹਾਂ ਵਿੱਚੋਂ ਕਿਸੇ ਇੱਕ ਦੀ ਸੁਰੱਖਿਆ, ਸਨਮਾਨ ਜਾਂ ਜੀਵਨ ਖ਼ਤਰੇ ਵਿੱਚ ਹੋਵੇ। ਪਰ ਜਦੋਂ ਛੋਟੀਆਂ-ਛੋਟੀਆਂ ਗੱਲਾਂ ਜਿਹੜੀਆਂ ਆਪਸੀ ਵਿਸ਼ਵਾਸ ਅਤੇ ਸਮਝਦਾਰੀ ਨਾਲ ਬੈਠ ਕੇ ਸੁਲਝਾਈਆਂ ਜਾ ਸਕਦੀਆਂ ਹੋਣ ਉਹ ਅਣਸੁਲ਼ਝੀਆਂ ਰਹਿ ਜਾਣ ਅਤੇ ਉਹਨਾਂ ਕਰਕੇ ਰਿਸ਼ਤੇ ਟੁੱਟਣ, ਤਾਂ ਇਹ ਸਮਾਜ ਲਈ ਚਿੰਤਾ ਦਾ ਵਿਸ਼ਾ ਵੀ ਹੈ ਤੇ ਸੋਚਣ ਵਾਲੀ ਗੱਲ ਵੀ ਹੈ।

ਵਿਆਹ ਗੁੱਡੇ ਗੁੱਡੀ ਦਾ ਤਮਾਸ਼ਾ ਨਹੀਂ ਹੁੰਦਾ ਸਗੋਂ ਇਹ ਇੱਕ ਬਹੁਤ ਹੀ ਪਵਿੱਤਰ ਬੰਧਨ ਹੁੰਦਾ ਹੈ। ਵਿਆਹ ਦੋ ਸਰੀਰਾਂ ਦਾ ਨਹੀਂ, ਸਗੋਂ ਦੋ ਸੋਚਾਂ ਦਾ, ਦੋ ਪਰਿਵਾਰਾਂ ਦਾ ਅਤੇ ਬਹੁਤ ਸਾਰੇ ਸੰਸਕਾਰਾਂ ਅਤੇ ਅਰਮਾਨਾਂ ਦਾ ਮਿਲਾਪ ਹੁੰਦਾ ਹੈ। ਹਰ ਵਿਅਕਤੀ ਆਪਣੇ ਸੁਭਾਅ ਅਨੁਸਾਰ, ਆਦਤਾਂ ਮੁਤਾਬਕ ਅਤੇ ਉਮੀਦਾਂ ਨਾਲ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਜੋੜਦਾ ਹੈ। ਜਦੋਂ ਦੋਵੇਂ ਇੱਕ-ਦੂਜੇ ਨੂੰ ਸਮਝਣ ਦੀ ਥਾਂ, ਆਪ ਨਾ ਬਦਲਣ ਦੀ ਕੋਸ਼ਿਸ਼ ਕਰਨ ਸਗੋਂ ਇੱਕ ਦੂਜੇ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਆਪਸ ਵਿੱਚ ਮਨਮੁਟਾਵ ਸ਼ੁਰੂ ਹੋ ਜਾਂਦੇ ਹਨ। ਹੌਲੀ-ਹੌਲੀ ਇਹ ਛੋਟੇ ਛੋਟੇ ਰੋਸੇ,ਗਿਲੇ ਤੇ ਮਨਮੁਟਾਵ ਹੌਲ਼ੀ ਹੌਲ਼ੀ ਵੱਡੇ ਝਗੜਿਆਂ ਵਿੱਚ ਬਦਲ ਜਾਂਦੇ ਹਨ ਜਿਸ ਨਾਲ ਆਪਸੀ ਪਿਆਰ, ਵਿਸ਼ਵਾਸ ਅਤੇ ਰਿਸ਼ਤੇ ਦੀ ਮਜ਼ਬੂਤੀ ਘਟਣ ਲੱਗ ਜਾਂਦੀ ਹੈ।


ਆਧੁਨਿਕ ਜੀਵਨ-ਸ਼ੈਲੀ ਨੇ ਵੀ ਇਸ ਸਮੱਸਿਆ ਨੂੰ ਵਧਾਇਆ ਹੈ। ਦੋਵੇਂ ਜੀਆਂ ਦਾ ਕੰਮ ਕਾਜੀ ਹੋਣਾ,ਨੌਕਰੀਆਂ ਦੀ ਭੱਜ ਦੌੜ, ਆਰਥਿਕ ਦਬਾਅ ਕਾਰਨ ਸਮੇਂ ਦੀ ਘਾਟ ਹੋਣਾ ਅਤੇ ਮਾਨਸਿਕ ਤਣਾਅ ਪੈਦਾ ਹੋਣਾ ਵੀ ਬਹੁਤ ਵੱਡਾ ਕਾਰਨ ਹੈ। ਜਿਸ ਕਰਕੇ ਪਤੀ-ਪਤਨੀ ਇੱਕ-ਦੂਜੇ ਲਈ ਸਮਾਂ ਨਹੀਂ ਕੱਢ ਸਕਦੇ। ਜਿੱਥੇ ਪਹਿਲਾਂ ਪਰਿਵਾਰ ਇਕੱਠੇ ਬੈਠ ਕੇ ਗੱਲਾਂ ਕਰਦੇ ਹੁੰਦੇ ਸਨ, ਉੱਥੇ ਹੁਣ ਮੋਬਾਈਲ ਫ਼ੋਨ ਅਤੇ ਸੋਸ਼ਲ ਮੀਡੀਆ ਨੇ ਉਹ ਥਾਂ ਲੈ ਲਈ ਹੈ। ਪਰਿਵਾਰ ਦੇ ਸਾਰੇ ਜੀਅ ਇੱਕੋ ਘਰ ਵਿੱਚ ਰਹਿੰਦੇ ਹੋਏ ਵੀ ਇੱਕ-ਦੂਜੇ ਤੋਂ ਦੂਰ ਹੋ ਰਹੇ ਹਨ। ਅੱਜ ਦੇ ਦੌਰ ਵਿੱਚ ਆਪਸੀ ਸੰਵਾਦ ਅਤੇ ਸੰਚਾਰ ਦੀ ਕਮੀ ਰਿਸ਼ਤਿਆਂ ਦੀ ਸਭ ਤੋਂ ਵੱਡੀ ਦੁਸ਼ਮਣ ਬਣਦੀ ਜਾ ਰਹੀ ਹੈ।

ਕਈ ਵਾਰ ਇਹ ਵੀ ਵੇਖਣ ਨੂੰ ਮਿ਼ਲਦਾ ਹੈ ਕਿ ਵਿਆਹ ਤੋਂ ਪਹਿਲਾਂ ਹਕੀਕਤ ਦੀ ਥਾਂ ਕਲਪਨਾਵਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਫ਼ਿਲਮਾਂ, ਨਾਟਕਾਂ ਅਤੇ ਸੋਸ਼ਲ ਮੀਡੀਆ ਉੱਤੇ ਦਿਖਾਈ ਜਾਣ ਵਾਲੀ ਚਮਕ-ਦਮਕ ਨੂੰ ਵੇਖ ਕੇ ਕਈ ਨੌਜਵਾਨ ਉਹੋ ਜਿਹੇ ਸੁਪਨੇ ਬੁਣਦੇ ਹਨ ਜੋ ਹਕੀਕਤ ਤੋਂ ਕੋਹਾਂ ਦੂਰ ਹੁੰਦੇ ਹਨ। ਇਹੋ ਜਿਹੀਆਂ ਝੂਠੀਆਂ ਉਮੀਦਾਂ ਹਕੀਕਤ ਤੋਂ ਬਹੁਤ ਦੂਰ ਹੁੰਦੀਆਂ ਹਨ। ਜਦੋਂ ਅਸਲ ਜ਼ਿੰਦਗੀ ਵਿੱਚ ਹਰ ਦਿਨ ਉਹੋ ਜਿਹੀ ਖੁਸ਼ੀ ਨਹੀਂ ਮਿਲਦੀ, ਤਾਂ ਮਨ ਵਿੱਚ ਨਿਰਾਸ਼ਾ ਉਪਜਣ ਲੱਗਦੀ ਹੈ। ਪਤੀ ਪਤਨੀ ਇਹੋ ਜਿਹੀ ਸਥਿਤੀ ਵਿੱਚ ਇੱਕ ਦੂਜੇ ਨੂੰ ਆਪਣੇ ਕਾਬਲ ਨਹੀਂ ਸਮਝਦੇ ਤੇ ਉਹ ਚਮਕ ਦਮਕ ਵਾ਼ਲੀ ਸੋਚ ਤੋਂ ਉਸ ਨਵੇਂ ਬਣੇ ਆਮ ਜਿਹੇ ਰਿਸ਼ਤੇ ਤੋਂ ਦੂਰ ਭੱਜਣ ਲੱਗਦੇ ਹਨ। ਕਈ ਵਾਰ ਪਰਿਵਾਰਕ ਦਖ਼ਲ ਅੰਦਾਜ਼ੀ ਵੀ ਤਲਾਕ ਦਾ ਕਾਰਨ ਬਣ ਜਾਂਦੀ ਹੈ। ਜੇ ਹਰ ਛੋਟੀ ਗੱਲ ਵਿੱਚ ਰਿਸ਼ਤੇਦਾਰਾਂ ਦੀ ਦਖ਼ਲ ਅੰਦਾਜ਼ੀ ਹੋਵੇ ਜਾਂ ਪਤੀ-ਪਤਨੀ ਇੱਕ-ਦੂਜੇ ਨਾਲ ਗੱਲ ਕਰਨ ਦੀ ਥਾਂ ਬਾਹਰਲਿਆਂ ਦੀਆਂ ਗੱਲਾਂ ਨੂੰ ਤਰਜੀਹ ਦੇਣ ਲੱਗ ਪੈਣ ਤਾਂ ਰਿਸ਼ਤਿਆਂ ਵਿੱਚ ਦੂਰੀ ਆਉਣੀ ਸੁਭਾਵਿਕ ਜਿਹੀ ਗੱਲ ਹੈ। ਇਸੇ ਤਰ੍ਹਾਂ ਪਤੀ ਪਤਨੀ ਨੂੰ ਸੰਜਮਤਾ ਤੋਂ ਕੰਮ ਨਾ ਲੈ ਕੇ ਗੁੱਸੇ, ਸ਼ੱਕ, ਅਹੰਕਾਰ ਵਰਗੀਆਂ ਗੱਲਾਂ ਨੂੰ ਤਰਜੀਹ ਦੇਣਾ ਵੀ ਘਰ ਟੁੱਟਣ ਦਾ ਵੱਡਾ ਕਾਰਨ ਬਣਦਾ ਹੈ। ਨਸ਼ਿਆਂ ਦੀ ਆਦਤ, ਆਰਥਿਕ ਗ਼ੈਰ-ਜ਼ਿੰਮੇਵਾਰੀ ਜਾਂ ਘਰੇਲੂ ਹਿੰਸਾ ਵਰਗੇ ਕਾਰਨ ਵੀ ਕਈ ਘਰਾਂ ਨੂੰ



ਤਬਾਹ ਕਰ ਦਿੰਦੇ ਹਨ।

ਤਲਾਕ ਦਾ ਸਭ ਤੋਂ ਵੱਧ ਅਤੇ ਭਿਆਨਕ ਅਸਰ ਬੱਚਿਆਂ ਉੱਤੇ ਪੈਂਦਾ ਹੈ। ਉਹ ਮਾਂ-ਪਿਉ ਦੋਵਾਂ ਦਾ ਪਿਆਰ ਚਾਹੁੰਦੇ ਹਨ, ਪਰ ਜਦੋਂ ਵੱਡਿਆਂ ਦੀ ਜ਼ਿੱਦ ਕਾਰਨ ਉਹਨਾਂ ਨੂੰ ਦੋ ਪਾਸਿਆਂ ਵਿੱਚ ਵੰਡ ਦਿੱਤਾ ਜਾਂਦਾ ਹੈ ਤਾਂ ਉਹਨਾਂ ਦਾ ਬਚਪਨ ਅੰਦਰੋਂ ਟੁੱਟਣ ਲੱਗਦਾ ਹੈ ਤੇ ਮਨੋਬਲ ਕਮਜ਼ੋਰ ਹੋਣ ਲੱਗਦਾ ਹੈ।ਜਿਸ ਦਾ ਅਸਰ ਇਹ ਹੁੰਦਾ ਹੈ ਕਿ ਕਈ ਬੱਚੇ ਚੁੱਪ-ਚੁੱਪ ਰਹਿਣ ਲੱਗਦੇ ਹਨ ਤੇ ਉਨ੍ਹਾਂ ਦਾ ਪੜ੍ਹਾਈ ਵਿੱਚ ਮਨ ਨਹੀਂ ਲੱਗਦਾ। ਬੱਚੇ ਸਮਾਜ ਵਿੱਚ ਵਿਚਰਦੇ ਹੋਏ ਨਮੋਸ਼ੀ ਝੱਲਦੇ ਹਨ ਤੇ ਉਨ੍ਹਾਂ ਅੰਦਰ



**ਬਰਜਿੰਦਰ ਕੌਰ ਬਿਸਰਾਓ...**

**9988901324**

ਆਤਮ-ਵਿਸ਼ਵਾਸ ਦੀ ਕਮੀ ਆ ਜਾਂਦੀ ਹੈ । ਕਈ ਵਾਰ ਤਾਂ ਬਹੁਤ ਕੋਮਲ ਅਤੇ ਸੰਵੇਦਨਸ਼ੀਲ ਮਨ ਦੇ ਬੱਚੇ ਆਪਣੇ ਆਪ ਨੂੰ ਹੀ ਇਸ ਦਾ ਕਾਰਨ ਸਮਝਣ ਲੱਗਦੇ ਹਨ। ਉਹਨਾਂ ਦੇ ਮਨ ਵਿੱਚ ਰਿਸ਼ਤਿਆਂ ਪ੍ਰਤੀ ਡਰ ਜਾਂ ਅਵਿਸ਼ਵਾਸ ਵੀ ਪੈਦਾ ਹੁੰਦਾ ਹੈ।ਥੋੜ੍ਹੇ ਵੱਡੇ ਹੋ ਕੇ ਕਈ ਵਾਰ ਇਹੋ ਜਿਹੇ ਬੱਚੇ ਬਾਹਰਲੀ ਦੁਨੀਆਂ ਤੋਂ ਪਿਆਰ ਲੱਭਦੇ ਲੱਭਦੇ ਕੁਰਾਹੇ ਪੈ ਜਾਂਦੇ ਹਨ। ਤਲਾਕ ਦਾ ਪ੍ਰਭਾਵ ਸਿਰਫ਼ ਪਰਿਵਾਰ ਤੱਕ ਸੀਮਿਤ ਨਹੀਂ ਰਹਿੰਦਾ ਸਗੋਂ ਇਸ ਨਾਲ ਸਾਡੇ ਸਮਾਜ ਵਿੱਚ ਵੀ ਪਰਿਵਾਰਕ ਢਾਂਚਾ ਕਮਜ਼ੋਰ ਹੁੰਦਾ ਜਾ ਰਿਹਾ ਹੈ। ਬਜ਼ੁਰਗ ਮਾਪਿਆਂ ਦੀਆਂ ਉਮੀਦਾਂ ਟੁੱਟਦੀਆਂ ਹਨ ਤੇ ਰਿਸ਼ਤੇਦਾਰੀਆਂ ਵਿੱਚ ਦੂਰੀਆਂ ਆਉਂਦੀਆਂ ਹਨ । ਘਰ ਟੁੱਟਣ ਕਾਰਨ ਲੋਕਾਂ ਵਿੱਚ ਇਕੱਲੇਪਨ ਦੀ ਸਮੱਸਿਆ ਵਧਦੀ ਜਾ ਰਹੀ ਹੈ। ਆਰਥਿਕ ਤੌਰ 'ਤੇ ਵੀ ਦੋਵਾਂ ਧਿਰਾਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਤਲਾਕ ਦੀ ਸਮੱਸਿਆ ਦਾ ਹੱਲ ਸਿਰਫ਼ ਕਾਨੂੰਨ ਨਹੀਂ ਕਰ ਸਕਦਾ। ਇਹ ਵਿਅਕਤੀ ਦੀ ਆਪਣੀ ਇਖ਼ਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਰਿਸ਼ਤਿਆਂ ਨੂੰ ਕਿਵੇਂ ਜੋੜ ਕੇ ਰੱਖਣਾ,ਉਸ ਲਈ ਕੁਛ ਹੱਦ ਤੱਕ ਕੋਸ਼ਿਸ਼ਾਂ ਕਰਨੀਆਂ ਵੀ ਜ਼ਰੂਰੀ ਹੁੰਦੀਆਂ ਹਨ। ਇਸ ਤੋਂ ਬਚਣ ਲਈ ਹਰ ਵਿਅਕਤੀ ਨੂੰ ਆਪਣੀ ਸੋਚ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਸਭ ਤੋਂ ਪਹਿਲਾਂ ਪਤੀ-ਪਤਨੀ ਨੂੰ ਇੱਕ-ਦੂਜੇ ਦੀ ਗੱਲ ਧੀਰਜ ਨਾਲ ਸੁਣਨੀ ਚਾਹੀਦੀ ਹੈ। ਹਰ ਮਤਭੇਦ ਨੂੰ ਜਿੱਤ-ਹਾਰ ਦਾ ਮੁੱਦਾ ਬਣਾਉਣ ਦੀ ਥਾਂ ਸਮਝਦਾਰੀ ਨਾਲ ਸੁਲਝਾਉਣਾ ਚਾਹੀਦਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿੱਚ "ਮੈਂ" ਦੀ ਥਾਂ "ਅਸੀਂ" ਦਾ ਭਾਵ ਹੋਵੇ ਤਾਂ ਬਹੁਤ ਸਾਰੀਆਂ ਮੁਸ਼ਕਲਾਂ ਆਪਣੇ ਆਪ ਹੱਲ ਹੋ ਸਕਦੀਆਂ ਹਨ ਤੇ ਆਪਸੀ ਪਿਆਰ ਵੀ ਬਰਕਰਾਰ ਰਹਿੰਦਾ ਹੈ।

ਵਿਆਹ ਤੋਂ ਪਹਿਲਾਂ ਅਤੇ ਵਿਆਹ ਤੋਂ ਬਾਅਦ ਰਿਸ਼ਤਿਆਂ ਬਾਰੇ ਸਹੀ ਸਮਝ, ਜ਼ਿੰਮੇਵਾਰੀਆਂ ਅਤੇ ਉਮੀਦਾਂ 'ਤੇ ਖੁੱਲ੍ਹ ਕੇ ਗੱਲ ਕਰਨੀ ਲਾਭਦਾਇਕ ਹੁੰਦੀ ਹੈ। ਜੇ ਮਤਭੇਦ ਗੰਭੀਰ ਹੋ ਜਾਣ ਤਾਂ ਪਰਿਵਾਰ ਦੇ ਵੱਡਿਆਂ ਬਜ਼ੁਰਗਾਂ ਨੂੰ ਸਮਝਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਸਮਾਜ ਦੇ ਸਮਝਦਾਰ ਮੈਂਬਰਾਂ ਜਾਂ ਤਜ਼ਰਬੇਕਾਰ ਵਿਆਹ-ਸਲਾਹਕਾਰ ਦੀ ਮਦਦ ਲੈਣ ਤੋਂ ਵੀ ਕਦੇ ਹਿਚਕਿਚਾਉਣਾ ਨਹੀਂ ਚਾਹੀਦਾ। ਜਿਸ ਗੱਲ ਕਰਕੇ ਭਿਆਨਕ ਨਤੀਜੇ ਨਿਕਲਦੇ ਹੋਣ ਉਸ ਤੋਂ ਬਚਣ ਲਈ ਕਿਸੇ ਦੀ ਮਦਦ ਲੈਣਾ ਕਮਜ਼ੋਰੀ ਨਹੀਂ ਹੁੰਦੀ ਸਗੋਂ ਰਿਸ਼ਤੇ ਨੂੰ ਬਚਾਉਣ ਦੀ ਕੋਸ਼ਿਸ਼ ਹੁੰਦੀ ਹੈ।

ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿਰਫ਼ ਉੱਚੀ ਸਿੱਖਿਆ ਤੱਕ ਜ਼ਿੰਮੇਵਾਰੀ ਨਾ ਸਮਝਣ ਸਗੋਂ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਰਿਸ਼ਤੇ ਨਿਭਾਉਣ ਦੀ ਸਿੱਖਿਆ ਵੀ ਦੇਣ। ਉਨ੍ਹਾਂ ਵੱਲੋਂ ਬੱਚਿਆਂ ਵਿੱਚ ਧੀਰਜ, ਸਹਿਣਸ਼ੀਲਤਾ, ਆਪਸੀ ਸਤਿਕਾਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਵੀ ਸਮੇਂ ਸਮੇਂ ਤੇ ਸਿੱਖਿਆ ਦਿੰਦੇ ਰਹਿਣਾ ਚਾਹੀਦਾ ਹੈ। ਜੇ ਨਵੀਂ ਪੀੜ੍ਹੀ ਇਹਨਾਂ ਕਦਰਾਂ ਕੀਮਤਾਂ ਨੂੰ ਅਪਣਾਏਗੀ ਤਾਂ ਹੀ ਉਨ੍ਹਾਂ ਦੇ ਨਵੇਂ ਬਣੇ ਪਰਿਵਾਰਾਂ ਦੀ ਨੀਂਹ ਵੀ ਮਜ਼ਬੂਤ ਹੋਵੇਗੀ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਹਾਲਤ ਵਿੱਚ ਇਕੱਠੇ ਰਹਿਣਾ ਹੀ ਹੱਲ ਨਹੀਂ ਹੁੰਦਾ। ਜੇ ਕਿਸੇ ਰਿਸ਼ਤੇ ਵਿੱਚ ਲਗਾਤਾਰ ਹਿੰਸਾ, ਦੁਰਵਿਵਹਾਰ, ਗੰਭੀਰ ਨਸ਼ਾਖੋਰੀ ਜਾਂ ਕਿਸੇ ਦੀ ਸੁਰੱਖਿਆ ਅਤੇ ਸਨਮਾਨ ਨੂੰ ਖ਼ਤਰਾ ਹੋਵੇ, ਤਾਂ ਅਜਿਹੇ ਮਾਮਲਿਆਂ ਵਿੱਚ ਵੱਖ ਹੋਣਾ ਇੱਕ ਜਾਇਜ਼ ਅਤੇ ਲੋੜੀਂਦਾ ਫ਼ੈਸਲਾ ਹੋ ਸਕਦਾ ਹੈ। ਰਿਸ਼ਤਾ ਕਿਸੇ ਵੀ ਕੀਮਤ 'ਤੇ ਨਿਭਾਉਣਾ ਨਹੀਂ, ਸਗੋਂ ਸਨਮਾਨ, ਸੁਰੱਖਿਆ ਅਤੇ ਮਨੁੱਖੀ ਮਰਿਆਦਾ ਨਾਲ ਜੀਵਨ ਜੀਊਣਾ ਹੈ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਘਰਾਂ ਨੂੰ ਟੁੱਟਣ ਤੋਂ ਬਚਾਉਣ ਲਈ ਸਿਰਫ਼ ਪਿਆਰ ਹੀ ਨਹੀਂ, ਸਗੋਂ ਸਬਰ, ਆਪਸੀ ਸੰਵਾਦ ਤੇ ਵਿਸ਼ਵਾਸ ਅਤੇ ਇੱਕ ਦੂਜੇ ਪ੍ਰਤੀ ਆਪਸੀ ਸਤਿਕਾਰ ਦੀ ਵੀ ਲੋੜ ਹੁੰਦੀ ਹੈ। ਜਿਹੜੇ ਪਰਿਵਾਰਾਂ ਵਿੱਚ ਇੱਕ-ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉੱਥੇ ਰਿਸ਼ਤੇ ਲੰਬੇ ਸਮੇਂ ਤੱਕ ਕਾਇਮ ਰਹਿੰਦੇ ਹਨ। ਆਓ ਅਜਿਹਾ ਸਮਾਜ ਬਣਾਈਏ ਜਿੱਥੇ ਹਰ ਘਰ ਵਿੱਚ ਪਿਆਰ, ਸਹਿਯੋਗ ਅਤੇ ਸਨਮਾਨ ਦਾ ਮਾਹੌਲ ਹੋਵੇ, ਤਾਂ ਜੋ ਪਰਿਵਾਰ ਟੁੱਟਣ ਦੀ ਥਾਂ ਹੋਰ ਮਜ਼ਬੂਤ ਬਣ ਸਕਣ। ਰਿਸ਼ਤੇ ਬਣਾਉਣ ਵਿੱਚ ਇੱਕ ਪਲ ਲੱਗਦਾ ਹੈ, ਪਰ ਉਨ੍ਹਾਂ ਨੂੰ ਨਿਭਾਉਣ ਲਈ ਸਾਰੀ ਉਮਰ ਦੀ ਸਿਆਣਪ, ਸਬਰ ਅਤੇ ਸੱਚੇ ਪਿਆਰ ਦੀ ਲੋੜ ਹੁੰਦੀ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com